ISSN 0972-2335

# ਅੰਮ੍ਰਿਤ ਕੀਰਤਨ

ਜੁਲਾਈ 2021




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਵੀਰਵਾਰ (ਭਾਗ -2)

ਸਮਾਂ ਬਦਲਿਆ, ਨ ਤੁਸੀਂ ਬਦਲ ਜਾਵੋ,
ਆਪਣੇ ਮਾਪਿਆਂ ਵਾਲੇ ਨ ਖ਼ਿਆਲ ਬਦਲੋ ।
ਰਹਿਣੀ ਬਹਿਣੀ ਤੇ ਬਦਲਿਆ ਖਾਣਾ ਪੀਣਾ,
ਨਾਲ ਬੇਲੀਆਂ ਜਾਣਾਂ ਭੀ ਨਾਲ ਬਦਲੋ ।
ਕੂੜ ਬਚਨ ਬੰਦਾ ਮੁਖ ਤੋਂ ਕਿਉਂ ਬੋਲੇ,
ਬੋਲਣ ਵਾਲਿਆਂ ਦੀ ਮੁੱਢੋਂ ਚਾਲ ਬਦਲੋ ।
ਮਾਂ ਭੈਣ ਤੇ ਧੀ ਦੀ ਇੱਜ਼ਤ ਹੁੰਦੀ,
ਇੱਜ਼ਤ ਉਨ੍ਹਾਂ ਦੀ ਰਖਣਾ ਸੰਭਾਲ ਬਦਲੋ ।

## वीरवार (भाग – 2)

समां बदलिआ, न तुसी बदल जावो,
आपणे माप्यिां वाले न खियाल बदलो ।
रैहणी बैहणी ते बदल्या खाणा पीणा,
नाल बेलीयां जाणा भी नाल बदलो ।
कूड़ बचन बन्दा मुख तो क्यों बोले,
बोलण वालिआं दी मुढों चाल बदलो ।
मां भैण ते धी दी इज्ज़त हुदीं,
इज्ज़त उन्हां दी रखणा संभाल बदलो ।
रब्ब बणाया ते तुसीं वी रहो उसदे,

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਵੀਰਵਾਰ (ਭਾਗ -2)
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਮਿਤ੍ਰ ਅਸਾਡੜੇ ਸੇਈ (ਪੱਤਰ) 2

ਸੰਪਾਦਕੀ : ਕਰਉ ਬੇਨੰਤੀਆ -
ਮੇਰਾ ਨਾਂ-ਜਗੀਰ ਸਿੰਘ, ਜਾਗੀਰ ਸਿੰਘ ਅਤੇ ਜੰਗੀਰ ਸਿੰਘ 4

ਅੱਖਰ ਵਿਅੰਜਨਾ ਅਤੇ 'ਸਬਦੁ' ਬੋਧ : ਇੱਕ ਅਲੌਕਿਕ ਅਨੁਭਵ-ਬੀਰ ਦਵਿੰਦਰ ਸਿੰਘ 6

ਪ੍ਰੋਫੈਸਰ ਕੁਲਵੰਤ ਸਿੰਘ ਔਜਲਾ ਦੀ ਪੁਸਤਕ 'ਮਾਂ ਵਰਗੀ ਕਵਿਤਾ'
ਡਾ.ਜਾਗੀਰ ਸਿੰਘ 8

ਤੀਰਥ ਸਿੰਘ ਢਿੱਲੋਂ: ਸੰਚਾਲਨ ਕਲਾ ਦੇ ਉਸਤਾਦ
ਡਾ: ਗੁਰਨਾਮ ਸਿੰਘ 13

ਗੁਰਮਤਿ ਸੰਗੀਤ ਚੇਅਰ ਵੱਲੋਂ ਕਰਵਾਏ ਗਏ ਕਾਰਜਾਂ ਦੀ ਰਿਪੋਰਟ 15

ਸੁਰ ਲਿਪੀ -ਰਾਗੁ ਬਿਲਾਵਲੁ
ਸ. ਹਰਭਜਨ ਸਿੰਘ ਚੋਪੜਾ 19

ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ ਟਾ-3



Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਮਿਤ੍ਰ ਅਸਾਡੜੇ ਸੇਈ

I read this in Amrit Kirtan's karoh benantian. Wanted to say something about the same but oos mood de banan di jaroorat c. Tuhadey Chacha Ji ik blessed person sun..... jo itni mehnat ton baad nikhar ke sona banhe. Oh tuhadi inspiration c.. ohna di inspiration naal ajj tusi ik manzil te pahunchey ho. Je kadi oh bohat saarey. Lokaan layi light house baney taan ajj tussi ohi light house banney ho ji. I salute your Chachaji....

Babli S. Singh +91-9878316640

ਬਹੁਤ ਕੀਮਤੀ ਜਾਣਕਾਰੀ ਆਪ ਦੇ editorial ਤੋਂ ਪ੍ਰਾਪਤ ਹੋਈ ਹੈ। ਡਾ. ਸਾਹਿਬ ਦੀ ਸ਼ਖਸੀਅਤ ਨੂੰ ਘੜਨ ਵਿਚ ਉਹਨਾਂ ਦੇ ਚਾਚਾ ਜੀ ਦਾ ਮੁੱਢਲਾ ਯੋਗਦਾਨ ਹੋਣ ਦਾ ਰਾਜ਼ ਸਾਹਮਣੇ ਆਇਆ ਹੈ।

ਧੰਨਵਾਦ ਹੈ ਤੁਹਾਡੇ ਰਾਹ ਦਸੇਰੇ ਚਾਚਾ ਜੀ ਦਾ ।

Grvinder Kaur Sular, Patiala : 9814538288

ਬਹੁਤ ਵਧੀਆ ਅੰਮ੍ਰਿਤ ਕੀਰਤਨ। ਵੱਡਿਆਂ ਦੀਆਂ ਅਸੀਸਾਂ ਸਦਕਾ ਅਸੀਂ ਬਹੁਤ ਕੁਝ ਸਿਖਦੇ ਹਾਂ ਜੋ ਲੰਮੇ ਸਮੇਂ ਤਕ ਸਾਡੇ ਕੰਮ ਆਉਂਦੇ ਹਨ। ਵੀਰ ਜੀ ਤੁਸੀਂ ਮੇਰੇ ਪੋਤੇ ਤੇ ਨੂੰਹ ਨੂੰ ਸ਼ਬਦ ਕੀਰਤਨ ਨਾਲ ਜੋੜਿਆ ਹੈ। ਮੈਂ ਹਮੇਸ਼ਾ ਤੁਹਾਨੂੰ ਯਾਦ ਰਖਾਂਗੀ। ਹਮੇਸ਼ਾਂ ਸਾਨੂੰ ਚੰਗੇ ਇਨਸਾਨ ਨਾਲ ਸੰਗਤ ਕਰਨੀ ਚਾਹੀਦੀ ਹੈ।

Inderjit Kaur : 6284011910

Manyog Dr. jagir Singh ji,
GURUFATEH JI,

It is a matter of great appreciation over your wisdom of choosing subjects for articles of interest as published in the May edition of 2021 AMRIT BANI monthly magazine. I read with particular interest the Gurbani shabad aspect of the FOUR GURU SAHIBAN'S whose PRAKASH PURAB fall in May 2021. The article provides very useful information but needs some clarifications i.e. on page 7 “GURUDWARA SANGAT MARDANGAMWALI OF JONEPUR – “location of JONEPUR and what kinds of musical instrument is “MARDANGAM”? This will enable when someone happens to visit JONEPUR, they could have DARSHAN' of this sacred relic of GURU TEGH BAHADUR JI.

2. Further, at page 7, the mention of “SARINDA” instruments invented by SRI GURU ARJUN DEV JI- and had been given in blessings to the RAAGIS to perform GURBANI KIRTAN. What exactly is the difference between “SARINDA AND RUBAB”? The SANGAT wishes to know the mode and shape of playing such instruments.?

3. In the article on GURU SRI AMAR DAS JI at page 11, in order to keep alive, the GURMAT SANGEET PARAMPARA, THE PUNJABI UNIVERSITY AT PATIALA had got prepared “RAAG DHIAN CHITRMALA” from the RAJASTHANI ARTISTS PAINTINGS based on the 31 musical measures of the SRI GURU

illustrated together with Sikh sacred musical instruments in the articles to make it complete to enable Sadh Sangit ji to get easily familiar with the associated RAAGAs.

3. The Heart Felt Condolences ( SHARDHANJALIAN )have been paid by you to some of the celebrated Raagis, Musicians, Writers, Poets who were not only associated with yourself but on a wider scale in the Prachar Sewa of Gurbani or in their services to Community at large is notable and one gets solace in reading the Gurbani views quoted in the end.

4. I have been reading the LIFE SKETCH Series in various editions of AMRIT KIRTAN ON BHAI KARAM SINGH RATTAN' ( the date and place of birth and demise on all were missed). Down memory lane when I was a student, I have a little remembrance of BHAI KARAM SINGH RATTAN JI, when he was performing SHABAD KIRTAN DUTY at Gurdwara Punjabi Mohalla, AMBALA CANTT.( near to my then residence). It was announced in the AMRIT KIRTAN edition of April 2017 PAGE 10, that BHAI RATTAN JI KIRTAN CASSETTES NUMBER 245,246,247 were available for free distribution by Gurdwara SRI GURU SINGH SABHA BANGKOK, THAILAND. ALAS, repeated requests they hadn't not supplied. (similarly, during the 550$^{th}$ YEAR OF GURU NANAK DEV JI PRAKASH PURAB “they had prepared a coin to mark the occasion but they hadn't responded well to my requests).

I would appreciate if you could supply those mentioned Rattan ji cassettes as well as NIRMAL SINGH KHALSA JI 'S ASA DI VAR cassettes. Our AUSTRALIAN SIKH HERITAGE TRAIL informed that yourself visited AUSTRALIA on a SHABAD KIRTAN MISSION many years ago. I would like if you could send CDs of yours of SHABAD KIRTAN performances to supply to them.

5. As you are aware, I am writing a book **'SIKH HERITAGE IN POSTAGE STAMPS '– and also preparing a comprehensive EXHIBIT consisting of POSTAGE STAMPS, CANCELLATIONS, POSTCARDS, FIRST DAY COVERS ON SIKH THEME**. This is a unique project never attempted by anyone before. Please help with publication of the same ad to appeal for donation of such articles/ materials of interest as afore mentioned here in.

(only one S. BALBIR SINGH FROM U.K. responded to that earlier ad reference but failed to supply anything he said he will.). Try arranging the photocopies of the RAAG PAINTINGS prepared by the Rajasthani Artisans for the Punjabi University as mentioned in earlier paras.

A glossary of SIKH SACRED MUSICAL INSTRUMENTS -may also be published in the AMRIT KIRTAN MAGAZINE with their shapes and method of playing.

With Riches BLESSINGS,
In GURBANI SEWA,

***BHAGWANT SINGH. MUKH SEWADAR, DELHI OFFICE,***
***GURBANI ISS JAG MEH CHANAN,204 -D, STREET NO. 36, ARJUN NAGAR,***
***SAFDARJUNG ENCLAVE, NEW DELHI – 110029. EMAIL –*** Gurbani.del@gmail.com
***Contact no. -011-26180398. Mobile – 9910600199 ; 9354831531***

## ਕਰਉ ਬੇਨੰਤੀਆ

# ਮੇਰਾ ਨਾਂ-ਜਗੀਰ ਸਿੰਘ, ਜਾਗੀਰ ਸਿੰਘ ਅਤੇ ਜੰਗੀਰ ਸਿੰਘ

ਇੱਕ ਦਿਨ ਮੇਰਾ ਬੇਟਾ ਮੇਰੀ ਬਾਂਹ ਤੇ ਖੁਣਿਆ ਮੇਰਾ ਨਾਂ ਵੇਖ ਕੇ ਪੁਛਣ ਲੱਗਾ-ਪਾਪਾ, ਇਹ ਕੀ ਲਿਖਿਆ ਹੋਇਆ ਹੈ? ਮੈਂ ਕਿਹਾ- ਇਹ ਮੇਰਾ ਨਾਂ ਹੈ। ਪਰ ਹੁਣ ਚੰਗੀ ਤਰ੍ਹਾਂ ਪੜ੍ਹਿਆ ਨਹੀਂ ਜਾਂਦਾ। ਜਦੋਂ ਮੈਂ ਉਸ ਬਾਰੇ ਸੋਚਣ ਲੱਗਾ ਤਾਂ ਯਾਦਾਂ ਦੀਆਂ ਕਈ ਝਾਕੀਆਂ ਮੈਨੂੰ ਦਿਸਣ ਲੱਗ ਪਈਆਂ। ਮੇਰੇ ਬਚਪਨ ਦੀਆਂ ਯਾਦਾਂ ਮਿੱਠੀਆਂ ਘਟ ਤੇ ਕਸੈਲੀਆਂ ਵਧੇਰੇ ਹਨ। ਸਾਡੇ ਪਿੰਡ ਦੇ ਲੋਕ ਪਾਕਿਸਤਾਨ ਤੋਂ ਉੱਜੜ ਪੁੱਜੜ ਕੇ ਆਏ ਸਨ। ਜਦੋਂ ਵੀ ਉਹ ਗੱਲ ਕਰਦੇ ਆਪਣੇ ਪਿਛਲੇ ਘਰਾਂ ਅਤੇ ਵਸੇਬੇ ਬਾਰੇ ਚੰਗੀਆਂ ਗੱਲਾਂ ਕਰਦੇ ਸਨ। ਪਾਕਿਸਤਾਨ ਵਿੱਚ ਰਹਿ ਗਿਆ ਘਰ ਅਜੇ ਵੀ ਬਹੁਤਿਆਂ ਦੇ ਨਾਲ ਰਹਿੰਦਾ ਹੈ। ਕਈ ਵਾਰੀ ਹੁਣ ਵੀ ਜੇ ਕਿਧਰੇ ਰਿਸ਼ਤਾ ਆਦਿ ਕਰਨ ਗੱਲ ਆਉਦੀ ਹੈ ਤਾਂ ਅਕਸਰ ਪੁੱਛ ਲਿਆ ਜਾਂਦਾ ਹੈ- ਤੁਸੀਂ ਪਿੱਛੋਂ ਪਾਕਿਸਤਾਨ ਤੋਂ ਕਿਥੋਂ ਹੋ?

ਸਾਡੇ ਪਿੰਡ ਦੇ ਲੋਕਾਂ ਵਿੱਚ ਵੀ ਉਹ ਮਾਣ ਮੱਤਾ ਪਿਛਲਾ ਸਮਾਂ ਉਹਨਾਂ ਦੇ ਨਾਲ ਸੀ। ਪਰ ਇੱਧਰ ਆ ਕੇ ਜੀਵਨ ਕਠਿਨ ਸੀ। ਹਰ ਕੋਈ ਜਿਹੜਾ ਵੀ ਕੰਮ ਦਿਸਦਾ ਕਰਨ ਲੱਗ ਜਾਂਦਾ। ਸਾਡੇ ਪਿੰਡ ਦੇ ਕਈਆਂ ਨੇ ਹੱਟੀਆਂ ਖੋਹਲ ਲਈਆਂ, ਕਈ ਦਰਜ਼ੀ ਦਾ ਕੰਮ ਸਿੱਖਣ ਲੱਗ ਪਏ। ਕੁਝ ਅੰਬਾਲਾ ਸ਼ਹਿਰ ਵਿੱਚ ਤੇਲ ਦੇ ਕਾਰਖਾਨਿਆਂ ਵਿੱਚ ਮਜ਼ਦੂਰੀ ਕਰਨ ਲੱਗ ਪਏ। ਕੁਝ ਦੋਧੀ ਬਣ ਗਏ। ਕਈ ਸ਼ਹਿਰ ਜਾ ਕੇ ਸਾਗ ਆਦਿ ਵੀ ਵੇਚਦੇ ਸਨ। ਇਹਨਾਂ ਕੰਮਾਂ ਵਿੱਚੋਂ ਮਿੱਲ ਵਿੱਚ ਕੰਮ ਕਰਨ ਅਤੇ ਸਾਗ ਵੇਚਣ ਦਾ ਤਜਰਬਾ ਤਾਂ ਮੈਂ ਵੀ ਹਾਸਲ ਕੀਤਾ ਹੋਇਆ ਹੈ। ਮੱਝਾਂ ਚਰਾਉਣਾਂ, ਪੱਠੇ ਵੱਢਣ ਅਤੇ ਕੁਤਰਨ ਦਾ ਕਾਰਜ ਵੀ ਕਰਦੇ ਰਹੇ ਹਾਂ।

ਇੱਕ ਬੰਦਾ ਮੇਲਿਆਂ ਵਿਚ ਕਿੱਸੇ ਗਾ ਗਾ ਕੇ ਵੇਚਦਾ ਸੀ। ਇੱਕ ਦੇ ਹੱਥ 'ਟੈਟੂ' ਬਣਾਉਣ ਵਾਲੀ ਮਸ਼ੀਨ ਲੱਗ ਗਈ ਤਾਂ ਉਹ ਲੋਕਾਂ ਦੇ ਹੱਥਾਂ ਤੇ ਨਾਂ ਖੁਣਨ ਲੱਗ ਗਿਆ। ਉਦੋਂ ਹੱਥ ਉੱਤੇ ੧ਓ ਲਿਖਵਾਉਣ ਦਾ ਵੀ ਰਿਵਾਜ ਸੀ। ਇੱਕ ਦਿਨ ਇਹ ਮਸ਼ੀਨ ਲੈ ਕੇ ਇਹ ਬੰਦਾ ਸਾਡੇ ਘਰ ਆਇਆ ਤਾਂ ਉਸ ਨੇ ਮੇਰੇ ਹੱਥ ਉੱਤੇ ੧ਓ ਲਿਖ ਦਿਤਾ ਤੇ ਮੇਰੀ ਬਾਂਹ ਉੱਤੇ ਮੇਰਾ ਨਾਂ ਵੀ ਲਿਖ ਦਿਤਾ 'ਜਗੀਰ ਸਿੰਘ ਜੀ'।

ਮੇਰਾ ਨਾਂ ਅਸਲ ਵਿੱਚ ਜਗੀਰ ਸਿੰਘ ਹੀ ਸੀ। ਜਦੋਂ ਅਸੀ ਯੂ ਪੀ ਗਏ ਤਾਂ ਉੱਥੇ ਸਕੂਲ ਵਿੱਚ ਹਿੰਦੀ ਵਿੱਚ ਮੇਰਾ ਨਾਂ 'ਜਾਗੀਰ ਸਿੰਘ' ਲਿਖਿਆ ਗਿਆ। ਉਥੋਂ ਸਤਵੀਂ ਜਮਾਤ ਦਾ ਸਰਟੀਫਿਕੇਟ ਲੈ ਕੇ ਅੰਬਾਲੇ ਆਇਆ ਤਾਂ ਉਸ ਉੱਤੇ ਹਿੰਦੀ ਵਿੱਚ ਮੇਰਾ ਨਾਂ ਜਾਗੀਰ ਸਿੰਘ ਲਿਖਿਆ ਹੋਇਆ ਸੀ। ਇਸ ਲਈ ਇੱਥੇ ਸਕੂਲ ਵਿੱਚ ਪੰਜਾਬੀ ਵਿੱਚ ਵੀ ਜਾਗੀਰ ਸਿੰਘ ਹੀ ਲਿਖਿਆ ਗਿਆ। ਅੰਗਰੇਜ਼ੀ ਵਿੱਚ ਤਾਂ ਸਪੈਲਿੰਗ ਇੱਕੋ ਜਿਹੇ ਹੀ ਹੁੰਦੇ ਹਨ। ਹੁਣ ਹਰ ਥਾਂ ਮੇਰਾ ਨਾਂ ਜਾਗੀਰ ਸਿੰਘ ਹੀ ਪ੍ਰਚਲਤ ਹੈ।

ਮੇਰੇ ਨਾਂ ਨੂੰ ਜੰਗੀਰ ਸਿੰਘ ਬਣਾਉਣ ਵਿੱਚ ਮੇਰੇ ਪਿਆਰੇ ਮਿੱਤਰ ਪ੍ਰੋ ਮੇਵਾ ਸਿੰਘ ਸਿੱਧੂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਹੱਥ ਹੈ। ਮੇਵਾ ਸਿੰਘ ਜੀ ਅਤੇ ਮੈਂ ਇੱਕਠੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਕੰਮ ਕਰਦੇ ਰਹੇ ਹਾਂ। ਮੇਵਾ ਸਿੰਘ ਜੀ ਪ੍ਰਚਾਰਕ ਸਨ ਅਤੇ ਮੈਂ ਰਾਗੀ ਸੀ। ਉਦੋਂ ਮੇਵਾ ਸਿੰਘ ਹੋਰਾਂ ਕੋਲ ਪਟਿਆਲੇ ਦਾ ਇਲਾਕਾ ਸੀ ਅਤੇ ਮੈਂ ਪਹਿਲਾਂ ਫਤਹਿਗੜ੍ਹ ਸਾਹਿਬ ਅਤੇ ਫਿਰ ਗੁਰਦੁਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਕੀਰਤਨ ਕਰਦਾ ਰਿਹਾ ਹਾਂ।ਉਹਨਾਂ ਦਿਨਾਂ ਵਿੱਚ ਇਥੇ ਕੰਮ ਕਰਦੇ ਨੌਜੁਆਨ ਰਾਗੀਆਂ ਗ੍ਰੰਥੀਆਂ ਪ੍ਰਚਾਰਕਾਂ ਵਿੱਚ ਅਗਲੇਰੀ ਪੜ੍ਹਾਈ ਕਰਨ ਦਾ ਜਨੂੰਨ ਸੀ ਸਾਰੇ ਹੀ ਉਚੇਰੀ ਵਿਦਿਆ ਹਾਸਲ ਕਰ ਕੇ ਗੁਰਦੁਆਰਾ ਸਰਵਿਸ ਵਿੱਚੋਂ ਨਿਕਲਣਾ ਚਾਹੁੰਦੇ ਸਨ। ਮੇਵਾ ਸਿੰਘ ਹੋਰੀਂ ਗਿਆਨੀ ਪਾਸ ਕਰਕੇ 'ਵਾਇਆ ਬੰਠਿਡਾ' ਬੀ. ਏ. ਐਮ. ਏ. ਲਈ ਜਦੋਜਹਿਦ ਕਰ ਰਹੇ ਸਨ।

ਪਟਿਆਲੇ ਗੁਰਦੁਆਰਾ ਸਾਹਿਬ ਨਾਲ ਸਬੰਧਤ ਮੋਹਨ ਸਿੰਘ ਤਬਲਾ ਵਾਦਕ, ਗਿਆਨੀ ਸੰਤੋਖ ਸਿੰਘ ਸਿਡਨੀ ਆਸਟ੍ਰੇਲੀਆ ਵਾਲੇ, ਭਾਈ ਕੁਲਵੰਤ ਸਿੰਘ ਰਾਗੀ ਆਦਿ ਵੀ ਇਸ ਪੜ੍ਹਨ ਵਾਲੀ ਦੌੜ ਵਿੱਚ ਸ਼ਾਮਲ ਸਨ।ਡਾ ਗੁਰਮੁਖ ਸਿੰਘ ਵੀ ਉਦੋਂ ਐਮ ਏ ਪੰਜਾਬੀ ਕਰਨ ਲਈ ਖਾਲਸਾ ਕਾਲਜ ਪਟਿਆਲਾ ਜਿਸ ਦੀਆਂ ਕੁਝ ਕਲਾਸਾਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਕੰਪਲੈਕਸ ਵਿੱਚ ਲਗਦੀਆਂ ਸਨ ਦਾਖਲਾ ਲੈ ਰਹੇ ਸਨ। ਮੇਵਾ ਸਿੰਘ ਹੋਰਾਂ ਦੇ ਘਰ ਹੀ ਮੇਰੀ ਪਹਿਲੀ ਮੁਲਾਕਾਤ ਗੁਰਮੁਖ ਸਿੰਘ ਨਾਲ ਹੋਈ । ਮੈਂ ਗਿਆਨੀ ਦਾ ਇਮਤਿਹਾਨ ਦੇ ਰਿਹਾ ਸਾਂ। ਫਿਰ ਗੁਰਮੁਖ ਸਿੰਘ ਹੋਰੀਂ ਵੀ ਪੱਕੇ ਮਿੱਤਰ ਬਣ ਗਏ।

ਮੇਵਾ ਸਿੰਘ ਹੋਰੀ ਮੈਨੂੰ ਹਮੇਸ਼ਾ 'ਜੰਗੀਰ ਸਿੰਘ' ਹੀ ਬੁਲਾਉਂਦੇ ਸਨ। ਜਦੋਂ ਉਹ ਪੰਜਾਬੀ ਵਿਕਾਸ ਵਿਭਾਗ ਪੰਜਾਬੀ ਯੂਨੀਵਰਸਿਟੀ ਵਿੱਚ ਆਏ ਤਾਂ ਉਹਨਾਂ ਨੇ ਇੱਕ ਪਰਚੇ ਵਿੱਚ ਮੇਰਾ ਲੇਖ ਛਾਪਿਆ ਉਥੇ ਮੇਰਾ ਨਾਂ ਜੰਗੀਰ ਸਿੰਘ ਛਾਪ ਦਿੱਤਾ ਤੇ ਫਿਰ ਮਿਹਨਤਾਨੇ ਦਾ ਚੈੱਕ ਵੀ ਜੰਗੀਰ ਸਿੰਘ ਦੇ ਨਾਂ ਹੀ ਭੇਜਿਆ। ਬਾਅਦ ਵਿੱਚ ਤਾਂ ਪਤਾ ਲੱਗਾ ਕਿ ਮਾਲਵੇ ਵਿਚ ਆਮ ਤੌਰ ਜਗੀਰ ਸਿੰਘ ਨੂੰ ਜੰਗੀਰ ਸਿੰਘ ਕਰ ਕੇ ਹੀ ਬੁਲਾਇਆ ਜਾਂਦਾ ਹੈ।

ਖੈਰ, ਕੁਝ ਵੀ ਹੋਵੇ ਮੇਰੀ ਕਾਮਯਾਬੀ ਵਿੱਚ ਮੇਵਾ ਸਿੰਘ ਜੀ ਵਰਗੇ ਅਨੇਕਾਂ ਮਿੱਤਰਾਂ ਦਾ ਵੱਡਾ ਯੋਗਦਾਨ ਹੈ।ਇਹਨਾਂ ਵਿੱਚੋਂ ਮੇਵਾ ਸਿੰਘ ਜੀ ਪੰਜਾਬੀ ਯੂਨੀਵਰਸਿੰਟੀ ਦੇ ਵਿਕਾਸ ਵਿਭਾਗ ਵਿੱਚ ਉਚੇਰੇ ਅਹੁਦਿਆਂ ਤੇ ਕੰਮ ਕਰਦੇ ਰਹੇ। ਮੋਹਨ ਸਿੰਘ ਸੰਗੀਤ ਵਿਭਾਗ ਵਿੱਚ ਤਬਲੇ ਦੇ ਇੰਸਟਕਟਰ ਰਹੇ। ਡਾਕਟਰ ਗੁਰਮੁਖ ਸਿੰਘ ਭਾਸ਼ਾ ਵਿਭਾਗ ਵਿੱਚ ਕੰਮ ਕਰਦੇ ਰਹੇ।ਉਹਨਾਂ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਬਹੁਤ ਮਾਣਮੱਤਾ ਯੋਗਦਾਨ ਪਾਇਆ ਹੈ। ਇਹਨਾਂ ਮਿੱਤਰਾਂ ਨੂੰ ਯਾਦ ਕਰਦਿਆਂ ਖੁਸ਼ੀ ਹੁੰਦੀ ਹੈ। ਇਹਨਾਂ ਦਾ ਮੈਂ ਜਿਤਨਾ ਵੀ ਧੰਨਵਾਦ ਕਰਾਂ ਥੋਹੜਾ ਹੈ। ।

ਭੁੱਲ ਚੁੱਕ ਖਿਮਾ

# ਅੱਖਰ ਵਿਅੰਜਨਾ ਅਤੇ 'ਸਬਦੁ' ਬੋਧ : ਇੱਕ ਅਲੌਕਿਕ ਅਨੁਭਵ

**ਬੀਰ ਦਵਿੰਦਰ ਸਿੰਘ**

ਸੁਮੇਰ ਪਰਬਤ ਤੇ ਹੋਈ ਸਿੱਧ ਗੋਸ਼ਟੀ ਵਿੱਚ, ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਦਾ ਇੱਕ ਮੂਲ ਸਵਾਲ ਇਹ ਸੀ;

ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥

ਗੁਰੂ ਨਾਨਕ ਦੇਵ ਜੀ ਦਾ ਉੱਤਰ ਸੀ;

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

(ਭਾਵ : ਸੁਆਸ ਮਨੁੱਖ ਦੇ ਜੀਵਨ ਦੀ ਹਸਤੀ ਦਾ ਮੁੱਢ ਹੈ ਤੇ ਇਹ ਸੁੱਚਾ ਸਮਾਂ, ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ। ਸ਼ਬਦ ਮੇਰਾ ਗੁਰੂ (ਪ੍ਰਭੂ) ਹੈ ਤੇ ਮੇਰੀ ਸੁਰਤੀ ਸ਼ਬਦ ਦੀ ਮੁਰੀਦ ਹੈ)

ਉਪਰੋਕਤ ਤੋਂ ਪ੍ਰਤੱਖ ਹੈ ਕਿ ਸ਼ਬਦ ਦਾ ਆਵੇਸ਼, ਸਿੱਖ ਸੁਰਤੀ ਦਾ ਮੂਲ ਪ੍ਰੇਰਨਾ ਸ੍ਰੋਤ ਹੈ, ਸ਼ਬਦ ਹੀ ਸਿੱਖ ਸੋਝੀ ਦਾ ਮੂਲ ਸਵਰ ਤੇ ਉਸਦੀ ਪ੍ਰਤਿਧੁਨੀ ਹੈ। ਗੁਰੂ ਪਦਵੀ ਪ੍ਰਾਪਤ, ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਬਦ ਦੀ ਭਾਵਨਾ ਦੇ ਭਿੰਨ-ਭਿੰਨ ਤੱਤਾਂ ਦਾ ਸੰਸਲੇਸ਼ਣਕ ਸੰਜੋਗ ਹਨ। ਸਿੱਖ ਚੇਤਨਾ ਵਿੱਚ ਸਬਦੁ ਦੇ ਵਿਅੰਜਨ ਨੂੰ, ਗੁਰਬਾਣੀ ਰੂਪ ਵਿੱਚ ਸੁਰਤ ਨਾਲ ਜੋੜ ਕੇ, ਨਾਮ ਸਿਮਰਨ ਕਰਨ ਦਾ ਨਾਮ ਬੰਦਗੀ ਹੈ।

ਸ੍ਰੀ ਗੁਰੂ ਨਾਨਾਕ ਦੇਵ ਜੀ ਤੋਂ ਬਿਨਾਂ, ਸ਼ਾਇਦ ਦੁਨੀਆ ਦੇ ਕਿਸੇ ਵੀ ਧਰਮ ਗੁਰੂ ਜਾਂ ਪੈਗੰਬਰ ਨੇ 'ਅੱਖਰ' ਦੀ ਕੁਵੱਤ ਅਤੇ ਸਲਾਹੀਅਤ ਦਾ ਤਜ਼ਕਰਾ ਨਹੀਂ ਕੀਤਾ। ਗੁਰੂ ਨਾਨਕ ਦੇਵ ਜੀ ਕਿਸੇ ਵੀ ਅਨੁਭੂਤੀ ਅਤੇ ਅਨੁਭਵ ਦਾ ਸੰਚਾਰ ਕਰਨ ਵਿੱਚ 'ਅੱਖਰ' ਦੀ ਸੰਚਾਰਨ ਯੋਗਤਾ, ਸਰਲ-ਪੁੱਜਤ, ਬਰਕਤ ਅਤੇ ਅੱਖਰ ਦੇ ਗੁਣਾਂ ਦੀ ਇਨਸਾਨੀ ਜ਼ਿੰਦਗੀ ਅਤੇ ਰਿਸ਼ਤਿਆਂ ਦੇ ਨਿਰਬਾਹਨ ਵਿਚਲੀ ਭੂਮਿਕਾ ਦਾ ਤਫ਼ਸੀਲੀ ਵਿਵਰਨ 'ਜਪੁਜੀ ਸਾਹਿਬ' ਵਿੱਚ ਇਸਤਰ੍ਹਾ ਫੁਰਮਾਉਂਦੇ ਹਨ;

ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-4)

ਭਾਵ: ਅੱਖਰ ਦੀ ਹੋਂਦ ਅਤੇ ਸਮਝ ਤੋਂ ਬਿਨਾਂ ਪ੍ਰਮਾਤਮਾ ਦੇ ਨਾਮ ਦੀ ਉਪਾਸਨਾ ਸੰਭਵ ਨਹੀਂ, ਅੱਖਰ ਤੋਂ ਬਿਨਾ ਵਾਹਿਗੁਰੂ ਦੀ ਉਸਤਤੀ ਤੇ **ਸਫ਼ਿਤ** ਸੰਭਵ ਨਹੀਂ, ਕੀਰਤੀ ਤੇ ਮਹਿਮਾ ਦਾ ਗੁਣਗਾਣ ਅੱਖਰ ਤੋਂ ਬਿਨਾਂ ਨਹੀਂ ਹੋ ਸਕਦਾ। ਅੱਖਰ ਰਾਹੀਂ ਹੀ ਮਨੁੱਖ ਦੀ ਸੋਝੀ ਵਿੱਚ ਰੂਹਾਨੀ ਗਿਆਨ ਅਤੇ ਦਾਨਾਈ ਦਾ ਪ੍ਰਵੇਸ਼ ਹੁੰਦਾ ਹੈ ਅਤੇ ਅੱਖਰ ਰਾਹੀਂ ਹੀ ਅਸੀਂ ਸ਼ੋਭਾ ਤੇ ਵਡਿਆਈ ਦੇ ਗੀਤ ਗਾਂਵਦੇ ਹਾਂ। ਅੱਖਰ ਹੀ ਲਿਖਤ ਤੇ ਇਬਾਰਤ ਨੂੰ ਜਨਮ ਦਿੰਦਾ ਹੈ ਅਤੇ ਅੱਖਰ ਹੀ ਸਾਡੀ ਬੋਲਬਾਣੀ ਦਾ ਸਿਰਜਕ ਹੈ। ਅੱਖਰ ਦੀ ਯੋਗ ਵਰਤੋਂ ਵਿਹਾਰ ਰਾਹੀਂ, ਅੱਖਰ ਸਾਡੀ ਹਯਾਤੀ ਦੇ ਦਸਤੂਰਾਂ, ਰੀਤਾਂ, ਰਿਵਾਜਾਂ, ਪਰਿਪਾਟੀਆਂ, ਇਨਸਾਨੀ ਰਿਸ਼ਤਿਆਂ ਤੇ ਸੰਜੋਗਾਂ ਦੀ ਤਰਜ਼ਮਾਨੀ ਕਰਦਾ ਹੈ। ਅੱਖਰ ਦੇ ਸੰਧਰਵ ਵਿੱਚ, ਇੱਕ ਗੱਲ ਵਿਸ਼ੇਸ਼ ਤੌਰ ਤੇ ਧਿਆਨ ਰੱਖਣ ਯੋਗ ਹੈ, ਕਿ ਅੱਖਰ ਸਾਡਾ ਉਦੋਂ ਤੱਕ ਹੀ ਹੈ, ਜਦੋਂ ਤਕ ਬੋਲਿਆ ਨਹੀਂ ਗਿਆ, ਅੱਖਰ ਸਾਡੀ ਜ਼ੁਬਾਨ ਤੋਂ ਉਚਾਰੇ ਜਾਣ ਸਾਰ ਹੀ ਪਰਾਇਆ ਹੋ ਜਾਂਦਾ ਹੈ ਅਤੇ ਉਸਦੇ ਭਾਵ-ਅਰਥ ਵੀ ਕਈ ਵਾਰ ਉਹ ਨਹੀਂ ਰਹਿੰਦੇ, ਜਿਸ ਮੁਰਾਦ ਅਤੇ ਭਾਵਨਾ ਨਾਲ ਅੱਖਰ ਉਚਾਰਿਆ ਗਿਆ ਹੁੰਦਾ ਹੈ। ਅੱਖਰ ਦੀ ਇਸ ਚੰਚਲਤਾ ਤੇ ਨਾਜ਼ਕ ਮਿਜ਼ਾਜੀ ਕਾਰਨ ਹੀ ਇਹ ਕਹਾਵਤ ਬਣੀ ਹੋਈ ਹੈ ਕਿ 'ਪਹਿਲਾਂ ਤੋਲੋ, ਫਿਰ ਬੋਲੋ'।

ਅੱਖਰ ਦਾ ਵਜੂਦ ਨਿਸ਼ਚਲ ਨਹੀਂ, ਇਹ ਕਈ ਰੰਗ-ਰੂਪਾਂ ਵਿੱਚ ਦ੍ਰਿਸ਼ਟਮਾਨ ਹੁੰਦਾ ਹੈ, ਅੱਖਰ ਕਦੇ ਕਵਿਤਾ ਤੇ ਕਦੇ ਵਾਰਤਕ ਬਣਦਾ ਹੈ, ਅੱਖਰ ਕਦੇ ਗੀਤ ਤੇ ਕਦੇ ਗਜ਼ਲ ਬਣਕੇ ਸਾਡੀ ਸੂਖਮਤਾ ਨੂੰ ਛੋਂਹਦਾ ਹੈ, ਕਦੇ ਸੋਹਲਿਆਂ

ਤੇ ਘੋੜੀਆਂ ਦਾ ਸ਼ਿਗਾਰ ਬਣਕੇ ਮਨੁੱਖੀ ਮਨ ਦੀਆਂ ਤਰੰਗਾਂ ਨੂੰ ਨੱਚਣ ਲਾ ਦਿੰਦਾ ਹੈ, ਤੇ ਕਦੇ ਮਰਸੀਏ ਦੀ ਹੂਕ ਬਣ ਕੇ ਦਿਲ ਦੀ ਵੇਦਨਾਂ ਤੱਕ ਅੱਪੜ ਜਾਂਦਾ ਹੈ। ਇਹ ਅੱਖਰ ਹੀ ਤਾਂ ਹੈ ਜਿਸ ਰਾਹੀਂ ਅਸੀਂ ਵੇਦਾਂ, ਪੁਰਾਣਾਂ ਅਤੇ ਸਿਮਰਤੀਆਂ ਦੀ ਪੁਰਾਤਨ ਗਿਆਨ ਪ੍ਰਣਾਲੀਆਂ ਤੀਕਰ ਅੱਪੜ ਸਕੇ ਹਾਂ। ਇਹ ਅੱਖਰ ਹੀ ਤਾਂ ਹੈ ਜਿਸਨੇ ਸੰਗਤਕਾਰ ਬਣ ਕੇ ਦੁਨੀਆਂ ਭਰ ਦੇ ਗਿਆਨ ਭੰਡਾਰਾਂ ਤੱਕ ਅਪੜਨ ਦੀ ਸਮਰੱਥਾ, ਮਨੁੱਖ ਨੂੰ ਦਿੱਤੀ ਹੈ। ਅੱਖਰ ਮਨੁੱਖ ਦੀ ਮਨੋਬਿਰਤੀ, ਹਾਵਭਾਵ ਸੰਵਾਦ ਅਤੇ ਅਭਾਵ ਦੇ ਪਰਗਟਾਅ ਦਾ ਸੂਖਮ ਜ਼ਰੀਆ ਹੈ।ਮਨੁੱਖ ਦੇ ਮਨ ਅੰਦਰ ਪਸਰੀ ਪਸ਼ੂ ਬਿਰਤੀ ਨੂੰ ਸੋਧ ਕੇ ਸੂਖਮਤਾਈ ਤੱਕ ਪਹੁੰਚਾਉਂਣ ਦੀ ਕਿਰਿਆ ਦਾ ਅਨੁਭਵ ਅਤੇ ਫੇਰ ਉਸ ਅਨੁਭਵ ਦੀ ਸੂਖਮਤਾ ਨੂੰ ਭਾਵ-ਵਿਰੇਚਨ ਅਤੇ ਮਨੋ-ਵਿਰੇਚਨ ਰਾਹੀਂ ਦੂਸਰਿਆਂ ਤੱਕ ਅੱਪੜਨ ਦਾ ਸਫ਼ਰ ਵੀ ਅੱਖਰ ਦੀ ਭਾਵ-ਵਿਅੰਜਨਾ ਰਾਹੀਂ ਹੀ ਪੂਰਾ ਹੁੰਦਾ ਹੈ।ਉਦਾਰ ਮਨ ਦੀ ਸੂਖਮਤਾ ਨੂੰ ਉਦਾਤ ਤੇ ਪ੍ਰਭਾਵਸ਼ਾਲੀ ਬਣਾਉਂਣ ਲਈ, ਸਹੀ ਅੱਖਰਾਂ ਦੀ ਚੋਣ ਅਤੇ ਉਨ੍ਹਾਂ ਦਾ ਭਾਵਪੂਰਤ ਉਚਾਰਨ ਬੇਹੱਦ ਜ਼ਰੂਰੀ ਹੈ,ਜੋ ਤੁਹਾਡੀ ਮਨੋ-ਵਿਗਿਆਨਕ ਦਸ਼ਾ ਅਤੇ ਸੰਬੋਧਨਾ ਨੂੰ ਸਹੀ ਰੂਪ ਵਿੱਚ ਪ੍ਰਸਤੁਤ ਕਰ ਸਕੇ ।ਇਹ ਅੱਖਰਾਂ ਦੀ ਵਿਅੰਜਨਾ ਅਤੇ ਉਚਾਰਨ ਦੀ ਕਲਾ ਹੀ ਹੈ, ਜੋ ਕਦੇ ਨ੍ਰਿਤ, ਕਦੇ ਗੀਤ, ਕਦੇ ਹਉਕੇ ਦੀ ਆਵਾਜ਼ ਬਣ ਕੇ ਸਾਡੇ ਬੁਲ੍ਹਾਂ ਤੇ ਫਰਕਦਾ ਹੈ। ਅੱਖਰਾਂ ਦੀ ਸਹੀ ਚੋਣ ਤੇ ਤਰਤੀਬ, ਕਿਸੇ ਵੀ ਫਲਸਫ਼ੇ ਦੇ ਤੱਤ ਗਿਆਨ ਨੂੰ, ਸਹੀ ਰੂਪ ਵਿੱਚ ਨਿਰਧਾਰਿਤ ਕਰਨ ਦੇ ਸਮਰੱਥ ਬਣਾਉਂਦੀ ਹੈ।

ਮੇਰਾ ਮੰਨਣਾਂ ਹੈ ਕਿ ਅੱਖਰ ਨਾ ਹੁੰਦਾ ਤਾਂ ਸਾਰਾ ਸੰਸਾਰ ਗੁੰਗਾ ਹੁੰਦਾ।ਸ੍ਰਿਸ਼ਠੀ ਦੇ ਸਿਰਜਣਹਾਰ ਨੇ ਅੱਖਰਾਂ ਨੂੰ ਆਵਾਜ਼ ਦੇ ਕੇ ਸਾਡੇ ਕੰਨਾਂ ਤਕ ਪਹੁੰਚਾਣ ਦਾ ਮੁੱਢਲਾ ਜ਼ਰੀਆ , ਸਾਡੀ ਮਾਂ ਨੂੰ ਬਣਾਇਆ ਹੈ। ਮਾਂ ਹੀ ਆਪਣੇ ਪਲੇਠੇ ਸੰਬੋਧਨਾਂ ਰਾਹੀਂ, ਸਾਡੀ ਹਯਾਤੀ ਨੂੰ ਸਿਲਸਿਲੇਵਾਰ ਤਰਬੀਅਤ ਅਤੇ ਜੀਵਨਜਾਚ ਨੂੰ ਤਰਤੀਬਾਂ ਅਤੇ ਤਰਜੀਹਾਂ ਦੀ ਸੋਝੀ ਦਿੰਦੀ ਹੈ।ਮਾਂ ਆਪਣੇ ਸ਼ੀਰੀ ਬੋਲਾਂ ਅਤੇ ਸੈਨਤਾਂ ਰਾਹੀਂ, ਸਾਡੇ ਆਲੇ-ਦੁਆਲ਼ੇ ਘੁੰਮਦੇ, ਇਨਸਾਨੀ ਰਿਸ਼ਤਿਆ ਦਾ ਤੁਅੱਰਫ਼ ਕਰਵਾਉਂਦੀ ਹੈ, ਇਸੇ ਲਈ ਹੀ ਤਾਂ ਸਾਡੀ ਬੋਲੀ, ਮਾਂ-ਬੋਲੀ ਬਣ ਕੇ, ਮਾਂ ਦੀ ਹੋਂਦ-ਹਸਤੀ ਵਿੱਚ ਅਭੇਦ ਕਰ ਲੈਂਦੀ ਹੈ। ਇਸੇ ਲਈ ਹੀ ਤਾਂ ਹਰ ਮਨੁੱਖ ਲਈ, ਮਾਂ ਅਤੇ ਮਾਂ-ਬੋਲੀ (ਮਾਦਰੀ-ਜ਼ੁਬਾਨ) ਦੇ ਵਿਛੋੜਾ, ਦਾਸਤਾਂ ਬਣਕੇ, ਸਾਰੀ ਉਮਰ ਦੇ ਵਿਗੋਚਿਆਂ ਦੀ ਕਸਕ ਵਾਂਗ ਸਦਾ ਸੱਜਰਾ ਰਹਿੰਦਾ ਹੈ। ਮਾਂ ਭਾਵੇਂ ਰਵ੍ਹੇ ਭਾਵੇਂ ਨਾ ਰਵ੍ਹੇ, ਪਰ ਮਾਂ-ਬੋਲੀ, ਸਾਡੀ ਮਾਂ ਦੀ ਯਾਦ ਬਣਕੇ, ਸਾਡੇ ਜੀਵਨ ਦੀ ਆਖਰੀ ਧੜਕਣ ਤੱਕ, ਸਡੇ ਸਵਾਸਾਂ ਵਿੱਚ ਰਵਾਂ ਰਹਿੰਦੀ ਹੈ।

ਅੱਖਰ ਜਦੋਂ ਸ਼ਬਦ ਬਣ ਕੇ ਨਾਮ ਬਣਦਾ ਹੈ ਤਦ ਅੱਖਰ ਅਸਰੀਰੀ ਬੋਧ, ਗਿਆਨ ਅਤੇ ਧਿਆਨ ਦਾ ਸੋਮਾ ਬਣਦਾ ਹੈ। ਅੱਖਰ ਹੀ ਈਸ਼ਵਰੀ ਧਿਆਨ ਦੀ ਮਗਨਤਾ ਵਿੱਚ ਲੀਨ ਹੋਣ ਅਤੇ ਵਿਸਮਾਦੀ ਅਵਸਥਾ ਤੋਂ ਸਮਾਧੀ ਅਵਸਥਾ ਤੀਕਰ, ਅੱਖਰ ਹੀ 'ਸਬਦੁ' ਰੂਪ ਹੋ ਕੇ ਸਾਡੀ ਰੂਹ ਦੀ ਲਿਵ ਨੂੰ ਈਸ਼ਵਰੀ ਦਵਾਰ ਤੱਕ ਲੈ ਜਾਂਦਾ ਹੈ। ਅੱਖਰ ਦੇ 'ਸਬਦੁ' ਰੂਪ ਬਣ ਜਾਣ ਦੀ ਜੁਗਲਬੰਦੀ ਅਤੇ ਜੁਜਬੰਦੀ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਨ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਇਸਤਰ੍ਹਾਂ ਕੀਤਾ ਹੈ ;

ਜਤੁ ਪਾਹਾਰਾ ਧੀਰਜ ਸਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-8)

ਅਰਥਾਤ ਈਸ਼ਵਰੀ ਗਿਆਨ ਦੀ ਸੱਚੀ ਟਕਸਾਲ ਦੇ ਸੁਆਰਨੇ ਦੀ, ਕਠਨ ਪਰਿਕਿਰਿਆ ਵਿੱਚੋਂ ਗੁਜ਼ਰ ਕੇ , ਅੱਖਰ 'ਸਬਦੁ' ਦਾ ਰੂਪ ਗ੍ਰਹਿਣ ਕਰਦਾ ਹੈ ਅਤੇ 'ਸਬਦੁ' ਗੁਰਬਾਣੀ ਦਾ ਮੂਲ ਮੰਤਰ ਅਤੇ 'ਨਾਮ' ਬਣ ਕੇ, ਰੂਹਾਨੀ ਬੋਧ ਦੀ ਉਪਾਸਨਾ ਦਾ ਅਧਾਰ ਬਣਦਾ ਹੈ ਅਤੇ ਮਨੁੱਖੀ ਸਿਮਰਤੀ ਦੀਆਂ ਤਰੰਗਾਂ ਨੂੰ ਰੂਹਾਨੀ ਅਨੰਦ ਨਾਲ ਇੱਕਸੁਰ ਕਰ ਦਿੰਦਾ ਹੈ। ਨਾਮ ਸਿਮਰਨ ਕਾਰਨ ਰੁਹਾਨੀ ਅਨੰਦ ਦੀ ਅਵਸਥਾ ਵਿੱਚ ਪੁੱਜੀ ਰੂਹ ਦੇ ਵਿਸਮਾਦੀ ਅਨੁਭਵ ਨੂੰ ਬਿਆਨ ਕਰ ਸਕਣਾ, ਅੱਖਰਾਂ ਦੀ ਸੀਮਾ ਤੋਂ ਬਾਹਰ ਦੀ ਗੱਲ ਹੈ।

ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ, ਸੰਪਰਕ :9814033362

# ਪ੍ਰੋਫੈਸਰ ਕੁਲਵੰਤ ਸਿੰਘ ਔਜਲਾ ਦੀ ਪੁਸਤਕ 'ਮਾਂ ਵਰਗੀ ਕਵਿਤਾ'

**ਡਾ. ਜਾਗੀਰ ਸਿੰਘ**

ਕੁਲਵੰਤ ਸਿੰਘ ਔਜਲਾ ਨਾਲ ਮੇਰੀਆਂ ਯਾਦਾਂ ਦੀ ਲੜੀ 1975 ਤੋਂ ਸ਼ੁਰੂ ਹੁੰਦੀ ਹੈ। ਉਦੋਂ ਇਹ ਗੁਰਮਤਿ ਕਾਲਜ ਪਟਿਆਲਾ ਵਿੱਚ ਮੇਰੇ ਇੱਕ ਮਿੱਤਰ ਹਰਜੀਤ ਸਿੰਘ ਕੋਲ ਆਉਂਦੇ ਸਨ। ਜਦੋਂ ਇਹ ਗੱਲਬਾਤ ਕਰਦੇ ਤਾਂ ਇਹਨਾਂ ਦੀ ਕੋਮਲ ਮਿੱਠੀ ਆਵਾਜ਼ ਮੇਰੇ ਕੰਨਾਂ ਨੂੰ ਬੜੀ ਚੰਗੀ ਲਗਦੀ ਸੀ। ਹਰਜੀਤ ਸਿੰਘ ਤੇ ਕੁਲਵੰਤ ਸਿੰਘ ਔਜਲਾ ਕਪੂਰਥਲੇ ਤੋਂ ਹਨ। ਔਜਲਾ ਜੀ ਹੁਣ ਕਪੂਰਥਲੇ ਹੀ ਰਹਿੰਦੇ ਹਨ। ਕਪੂਰਥਲੇ ਮੈਂ ਪਹਿਲੀ ਵਾਰ ਭਾਈ ਬਖਸ਼ੀਸ਼ ਸਿੰਘ ਜੀ ਨਾਲ ਕੀਰਤਨ ਕਰਨ ਲਈ ਗਿਆ ਸਾਂ। ਸ਼ਾਇਦ 1968-69 ਵਿੱਚ। ਉਦੋਂ ਬਲਵੰਤ ਸਿੰਘ ਖਜਾਨਾ ਮੰਤਰੀ ਦੀ ਬੇਟੀ ਦਾ ਦੇਹਾਂਤ ਹੋ ਗਿਆ ਸੀ। ਤੇ ਅਸੀਂ ਉਸ ਦੇ ਭੋਗ ਤੇ ਕੀਰਤਨ ਕਰਨ ਲਈ ਉਹਨਾਂ ਦੇ ਪਿੰਡ ਗਏ ਸਾਂ। ਕਪੂਰਥਲੇ ਉਦੋਂ ਸੰਤ ਅਵਤਾਰ ਸਿੰਘ ਜੋ 'ਸੰਤਰੇਣ' ਅਖਵਾਉਂਦੇ ਸਨ, ਸਾਨੂੰ ਆਪਣੇ ਘਰ ਲੈ ਗਏ ਸਨ। ਕਪੂਰਥਲੇ ਇੱਕ ਹੋਰ ਮਿੱਤਰ ਹਰਫੂਲ ਸਿੰਘ ਜੀ ਰਹਿੰਦੇ ਹਨ। ਹਰਫੂਲ ਸਿੰਘ ਜੀ ਉਦੋਂ ਬਸੀ ਪਠਾਣਾ ਪ੍ਰੋ ਸੁਜਾਨ ਸਿੰਘ ਜੀ ਕਹਾਣੀਕਾਰ ਦੇ ਬੇਟੇ ਕੁਲਵੰਤ ਸਿੰਘ ਕੋਲ ਆਉਂਦੇ ਸਨ ਮੈਂ ਉਦੋਂ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਕੀਰਤਨ ਕਰਨ ਦੇ ਨਾਲ ਨਾਲ ਅਗਲੇਰੀ ਪੜ੍ਹਾਈ ਕਰ ਰਿਹਾ ਸਾਂ ਤੇ ਪ੍ਰੋ ਸੁਜਾਨ ਸਿੰਘ ਜੀ ਕੋਲੋਂ ਗਿਆਨੀ ਦੀ ਪੜ੍ਹਾਈ ਲਈ ਅਗਵਾਈ ਲੈਣ ਜਾਂਦਾ ਸੀ। ਹਰਫੂਲ ਸਿੰਘ ਹੋਰਾਂ ਦੀ ਇੱਕ ਨਜ਼ਮ 'ਬਦਦੁਆ' ਬਹੁਤ ਵਾਰ ਗਾ ਕੇ ਸੁਣਾਉਂਦਾ ਰਿਹਾ ਹਾਂ।

ਦਿਓ ਯਾਰੋ ਬਦਦੁਆ ਮੈਨੂੰ ਸਹਾਰਾ ਨਾ ਮਿਲੇ। ਨਾ ਮਿਲੇ ਮੈਨੂੰ ਮੇਰਾ ਦਿਲਬਰ ਪਿਆਰਾ ਨਾ ਮਿਲੇ।

ਖੁਸ਼ੀ ਵਿੱਚ ਵੀ ਖੁਸ਼ੀ ਨਾ ਹੋਵੇ ਕਦੇ ਮੈਨੂੰ ਨਸੀਬ। ਵਧਦੀ ਜਾਏ ਪੀੜ ਦਿਲ ਦੀ ਜਿਉਂ ਜਿਉਂ ਤੱਕੇ ਤਬੀਬ।

ਗੁਰਮਤਿ ਕਾਲਜ ਵਿੱਚ ਮੇਰੇ ਨਾਲ ਪੜ੍ਹਦੇ ਹਰਜੀਤ ਸਿੰਘ ਹੋਰੀਂ ਜੋ ਹੁਣ ਇੰਗਲੈਂਡ ਦੀ ਧਰਤੀ ਨੂੰ ਭਾਗ ਲਾ ਰਹੇ ਹਨ, ਦੇ ਅਨੰਦ ਕਾਰਜ ਤੇ ਕਪੂਰਥਲੇ ਕੀਰਤਨ ਵੀ ਕੀਤਾ ਸੀ। ਮੇਰੇ ਇੱਕ ਵਿਦਿਆਰਥੀ ਜਸਵਿੰਦਰ ਸਿੰਘ ਰਾਹੀਂ ਕੁਲੰਵਤ ਸਿੰਘ ਔਜਲਾ ਨਾਲ ਫਿਰ ਸਬੰਧ ਸਜੀਵ ਹੋ ਗਿਆ। ਉਹਨਾਂ ਨੇ ਪਿੱਛੇ ਜਿਹੇ ਡਾਕਟਰ ਗੁਰਨਾਮ ਸਿੰਘ ਬਾਰੇ ਬਹੁਤ ਵਧੀਆ ਲੇਖ ਲਿਖਿਆ ਜੋ ਅਸੀਂ 'ਅੰਮ੍ਰਿਤ ਕੀਰਤਨ' ਛਾਪਿਆ ਹੈ।

ਜਦੋਂ ਮੈ ਕੁਲਵੰਤ ਸਿੰਘ ਔਜਲਾ ਦੀਆਂ ਕਵਿਤਾਵਾਂ ਅਖਬਾਰਾਂ ਰਸਾਲਿਆਂ ਵਿੱਚ ਵੇਖਦਾ ਸੀ ਤਾਂ ਪੁਰਾਣੀਆਂ ਸਾਂਝਾਂ ਕਰਕੇ ਇਹਨਾਂ ਨੂੰ ਪੜ੍ਹੇ ਬਿਨਾਂ ਨਹੀਂ ਸੀ ਰਹਿੰਦਾ। ਉਸ ਦੀਆਂ ਗ਼ਜ਼ਲਾਂ ਦੇ ਕਈ ਸ਼ੇਅਰਾਂ ਦਾ ਅਨੰਦ ਮਾਣਦਾ ਰਿਹਾ ਹਾਂ। ਕੋਈ ਕਵਿਤਾ ਜਾਂ ਗ਼ਜ਼ਲ ਕਿਉਂ ਚੰਗੀ ਲਗਦੀ ਹੈ, ਇਸਦਾ ਵਿਸ਼ਲੇਸ਼ਣ ਕਰਨਾਂ ਮੈਨੂੰ ਨਹੀਂ ਆਉਂਦਾ। ਉਂਜ ਮੇਰਾ ਖਿਆਲ ਹੈ ਕਿ ਹਰ ਇੱਕ ਦੀ ਪਸੰਦ ਆਪਣੀ ਆਪਣੀ ਹੁੰਦੀ ਹੈ। ਪਰ ਫਿਰ ਵੀ ਚੰਗਾ ਲੱਗਣ ਦੇ ਕੁਝ ਮਿਆਰ ਤਾਂ ਸਾਹਿਤਕਾਰਾਂ ਨੇ ਬਣਾਏ ਹੋਏ ਹਨ। ਪਰ ਮੈਂ ਫਿਲਹਾਲ ਕਵਿਤਾ ਦਾ ਆਨੰਦ ਮਾਣਨ ਵਿੱਚ ਯਕੀਨ ਰਖਦਾ ਹਾਂ। ਕਵੀ ਦੇ ਤੌਰ ਤੇ ਵੀ ਮੈਨੂੰ ਕੁਲਵੰਤ ਸਿੰਘ ਔਜਲਾ ਪਸੰਦ ਹੈ।

ਉਪਰੋਕਤ ਕੁਝ ਮੈਂ ਜਦੋਂ ਲਿਖਿਆ, ਉਦੋਂ ਅਜੇ ਮੈਂ ਪੁਸਤਕ 'ਮਾਂ ਵਰਗੀ ਕਵਿਤਾ' ਪੜ੍ਹਨੀ ਸ਼ੁਰੂ ਨਹੀਂ ਸੀ ਕੀਤੀ। ਜਦੋਂ ਮੈਂ ਇਹ ਪੁਸਤਕ ਪੜ੍ਹਨੀ ਅਰੰਭੀ ਤਾਂ ਇਸ ਨੇ ਜਿਵੇਂ ਮੈਨੂੰ ਕੀਲ ਲਿਆ। ਮੈਂ ਇਸ ਦੇ ਜਾਦੂ

ਵਿੱਚ ਬੜਾ ਹੋਰ ਕੁਝ ਪੜ੍ਹਨਾ ਅਤੇ ਲਿਖਣਾ ਭੁੱਲ ਗਿਆ। ਪ੍ਰੋ ਕੁਲਵੰਤ ਸਿੰਘ ਔਜਲਾ ਨੇ ਆਪਣੀ ਕਵਿਤਾ ਬਾਰੇ ਇਸ ਪੁਸਤਕ ਦੇ ਪਹਿਲੇ ਪੰਨਿਆਂ ਤੇ ਜੋ ਲਿਖਿਆ ਹੈ ਉਹ ਬਹੁਤ ਮੁੱਲਵਾਨ ਹੈ। ਉਸ ਨੂੰ ਪੜ੍ਹਕੇ ਕੇਵਲ 'ਮਾਂ ਵਰਗੀ ਕਵਿਤਾ' ਦੀਆਂ ਖੂਬੀਆਂ ਦਾ ਹੀ ਪਤਾ ਨਹੀਂ ਲਗਦਾ ਸਗੋਂ ਕਵਿਤਾ ਅਤੇ ਕਵੀ ਬਾਰੇ ਕਾਫੀ ਕੁਝ ਸਮਝ ਪੈਂਦਾ ਹੈ।

ਮੈਂ ਸ਼ਾਇਦ ਇਹਨਾਂ ਕਵਿਤਾਵਾਂ ਦੇ ਤਕਨੀਕੀ ਪੱਖ ਬਾਰੇ ਬਹੁਤਾ ਕੁਝ ਨਾ ਲਿਖ ਸਕਾਂ। ਪਰ ਇਹਨਾਂ ਨੇ ਮੈਨੂੰ ਜੋ ਕੁਝ ਕਹਿਣ ਲਿਖਣ ਲਈ ਮਜਬੂਰ ਕੀਤਾ ਉਹ ਹੀ ਦੱਸਣਾਂ ਚਾਹੁੰਦਾ ਹਾਂ। ਕਵਿਤਾਵਾਂ ਪੜ੍ਹਦਿਆਂ ਮੈਨੂੰ ਜਾਪਿਆ ਇਹ ਕਵਿਤਾਵਾਂ ਉਸ ਪੰਜਾਬ ਦੇ ਮਾਂ ਬਾਪ ਭੈਣ ਭਰਾਵਾਂ ਬਾਰੇ ਹਨ ਜਿਹੜਾ 'ਪੰਜਾਬ ਗੁਰਾਂ ਦੇ ਨਾਮ ਤੇ ਜੀਂਦਾ ਹੈ'। ਗੁਰਮਤਿ ਅਤੇ ਸਿੱਖੀ ਦੀਆਂ ਕਦਰਾਂ ਕੀਮਤਾਂ ਕਵੀ ਦੇ ਰੋਮ ਰੋਮ ਵਿੱਚ ਸਮਾਈਆਂ ਹੋਈਆਂ ਹਨ। ਉਹ ਜਦੋਂ ਮਾਂ ਦੀ ਤਸਵੀਰ ਚਿਤਰਦਾ ਹੈ ਤਾਂ ਇਹ ਨੁਕਤੇ ਲਿਸ਼ਕੋਰਾਂ ਮਾਰਦੇ ਖਿੱਚ ਪਾਉਂਦੇ ਹਨ। ਭਾਵੇਂ ਲੇਖਕ ਸਿੱਖੀ ਜਾਂ ਗੁਰਮਤਿ ਦਾ ਪ੍ਰਚਾਰ ਨਹੀਂ ਕਰ ਰਿਹਾ ਪਰ ਇਹਨਾਂ ਕਦਰਾਂ ਕੀਮਤਾਂ ਅਤੇ ਰਹਿਣੀ ਬਹਿਣੀ ਨੂੰ ਜਦੋਂ ਬਿਆਨ ਕਰਦਾ ਹੈ ਤਾਂ ਸਿੱਖੀ ਦੀਆਂ ਕਦਰਾਂ ਕੀਮਤਾਂ ਬਾਰੇ ਸੁਤੇ ਹੀ ਚੰਗੀਆਂ ਭਾਵਨਾਵਾਂ ਜਾਗ ਪੈਂਦੀਆਂ ਹਨ–

**ਮਾਂ ਦਾ ਚੁੱਲ੍ਹਾ**

ਸਾਂਭ ਸਾਂਭ ਕੇ ਰੱਖਣਾ ਬਾਲਣ ਭਲੇ ਦਿਨਾਂ ਦੀ ਆਸ ਜੇਹਾ।

ਚੁੱਲ੍ਹਾ ਮਾਂ ਲਈ ਨਿਤਨੇਮ ਸੀ ਚੁੱਲ੍ਹਾ ਸੀ ਰਹਿਰਾਸ ਜੇਹਾ।

ਮਿੱਟੀ ਦੇ ਨਾਲ ਲਿੰਬਦੀ ਮਾਂ ਨੂੰ ਲਗਦਾ ਸੀ ਲਹੂ ਮਾਸ ਜੇਹਾ।
ਮਾਂ ਵਾਸਤੇ ਚੁੱਲ੍ਹਾ ਚੌਂਕਾ ਸਿਮਰਣ ਸਾਸ ਗਿਰਾਸ ਜੇਹਾ।
ਨਵਜੰਮਿਆਂ ਨੂੰ ਲੱਗੇ ਸ਼ਾਇਦ ਸਭ ਕੁੱਝ ਇਹ ਮਿਥਿਹਾਸ ਜੇਹਾ।
ਮਾਂ ਸਾਡੀ ਲਈ ਚੁੱਲ੍ਹਾ ਹੀ ਸੀ ਧਰਮ ਧੀਰਜ ਧਰਵਾਸ ਜੇਹਾ।
ਸਾਂਝੇ ਘਰ ਦਾ ਸਾਂਝਾ ਚੁੱਲ੍ਹਾ ਸਰਬਸਾਂਝੀ ਅਰਦਾਸ ਜੇਹਾ।
ਮਾਂ ਦੀ ਹਿੱਕੜੀ ਦੇ ਨਿੱਘ ਵਰਗਾ ਤੇ ਅੰਮ੍ਰਿਤ ਦੁੱਧ ਮਿਠਾਸ ਜੇਹਾ।

'ਮਾਂ' ਕਵਿਤਾ ਨੂੰ ਪੜ੍ਹਦਿਆਂ ਸਿੱਖੀ ਨਾਲ ਸਬੰਧਤ ਸੱਚੇ ਅਤੇ ਸੁੱਚੇ ਭਾਵ ਤਰੰਗਤ ਹੁੰਦੇ ਹਨ–

ਮਾਂ ਹੁੰਦੀ ਹੈ ਭਾਈ ਲਾਲੋ ਦੀ ਰੋਟੀ ਹੱਕ ਹਲਾਲ ਜੇਹੀ
ਮਾਂ ਹੁੰਦੀ ਹੈ ਦੁੱਖਾਂ ਦੇ ਵਿੱਚ ਆਸਰਿਆਂ ਦੀ ਢਾਲ ਜੇਹੀ
ਮਾਂ ਹੁੰਦੀ ਹੈ ਮਾਤਾ ਗੁਜਰੀ ਨਦਰੀ ਨਦਰਿ ਨਿਹਾਲ ਜੇਹੀ
ਮਾਂ ਹੁੰਦੀ ਹੈ ਚਾਨਣ ਵੰਡਦੇ ਉੱਚੇ ਪਾਕ ਖਿਆਲ ਜੇਹੀ
ਮਾਂ ਹੁੰਦੀ ਹੈ ਰੱਬੀ ਮੂਰਤ ਕਿਰਤ ਕਰਮ ਟਕਸਾਲ ਜੇਹੀ

'ਮਾਂ ਭੁਲਦੀ ਨਹੀਂ ਜਾਣਾ ਹਰ ਰੋਜ਼ ਗੁਰਦੁਆਰੇ' ਕਵਿਤਾ ਵਿੱਚ ਜਿਸ ਤਰ੍ਹਾਂ ਪੀੜਾ ਅਤੇ ਦਰਦ ਦਾ

ਬਿਆਨ ਹੋਇਆ ਹੈ ਉਸ ਤੋਂ ਕਾਵਿ ਕਲਾ ਦੀ ਪ੍ਰੌੜਤਾ ਦਾ ਪਤਾ ਲਗਦਾ ਹੈ-

ਹੋਣ ਭਾਵੇਂ ਦੰਗੇ ਭਾਵੇਂ ਹੋਣ ਬਟਵਾਰੇ
ਮਾਂ ਭੁਲਦੀ ਨਹੀਂ ਜਾਣਾ ਹਰ ਰੋਜ਼ ਗੁਰਦੁਆਰੇ
ਗੁਰੂ ਘਰਾਂ ਤੋਂ ਉਚੇਰੇ ਗੈਂਗਵਰਾਂ ਦੇ ਚੌਬਾਰੇ
ਮਾਂ ਭੁਲਦੀ ਨਹੀਂ ਜਾਣਾ ਹਰ ਰੋਜ਼ ਗੁਰਦੁਆਰੇ
ਕੋਈ ਪਾਣੀਆਂ ਲਈ ਲੜੇ ਕੋਈ ਬਾਣੀਆਂ ਲਈ ਲੜੇ
ਮਲਕ ਭਾਗੋਆਂ ਦੇ ਟੋਲੇ ਮੀਰ ਮੰਨੂਆਂ ਦੇ ਧੜੇ
ਹੋਏ ਦੇਹਾਂ ਦਾ ਸਰੂਪ ਹਰਫ ਜਾਨ ਤੋਂ ਪਿਆਰੇ
ਮਾਂ ਭੁਲਦੀ ਨਹੀਂ ਜਾਣਾ ਹਰ ਰੋਜ਼ ਗੁਰਦੁਆਰੇ
ਪਹਿਲਾਂ ਵੰਡਿਆ ਸੰਤਾਲੀ ਫੇਰ ਝੰਬਿਆ ਚੌਰਾਸੀ
ਡੀਕ ਲਏ ਪੰਜ ਪਾਣੀ ਰੂਹ ਫੇਰ ਵੀ ਪਿਆਸੀ
ਨਾਮ ਦੇਵਾਂ ਤੇ ਕਬੀਰਾਂ ਵਾਲੀ ਮੁੱਕ ਚਲੀ ਰੀਤ
ਹੁਣ ਕੋਈ ਨਾ ਬਣਾਉਂਦਾ ਮਰਦਾਨਿਆਂ ਨੂੰ ਮੀਤ
ਕਿਹੜਾ ਦੇਸ਼ ਅਤੇ ਕੌਮ ਲਈ ਸਰਬੰਸ ਹੁਣ ਵਾਰੇ
ਮਾਂ ਭੁਲਦੀ ਨਹੀਂ ਜਾਣਾ ਹਰ ਰੋਜ਼ ਗੁਰਦੁਆਰੇ

'ਅਨਪੜ੍ਹ ਮਾਂ' ਕਵਿਤਾ ਵਿੱਚ ਜਿਸ ਤਰ੍ਹਾਂ ਕੇਸਾਂ ਅਤੇ ਦਸਤਾਰ ਨੂੰ ਵਡਿਆਇਆ ਹੈ ਉਸ ਤੋਂ ਮੈਨੂੰ ਆਪਣੇ ਜੀਵਨ ਦੀਆਂ ਦੋ ਘਟਨਾਵਾਂ ਯਾਦ ਆਈਆਂ ਹਨ।

----ਗੱਲ ਫੈਲੀ ਕਿ ਸਾਡੇ ਸਰਪੰਚ ਦੇ ਲੜਕੇ ਨੇ ਕੇਸ ਕਤਲ ਕਰਾ ਲਏ ਹਨ। ਉਦੋਂ ਸਾਰੇ ਪਿੰਡ ਵਿੱਚ ਇੱਕ ਸੋਗ ਅਤੇ ਸਹਿਮ ਛਾ ਗਿਆ। ਆਮ ਤੌਰ ਅਸੀਂ ਹਰ ਰੋਜ਼ ਸਵੇਰੇ ਪਿੰਡ ਦੀ ਖੂਹੀ, ਜਿਸ ਉੱਤੇ ਹਰਟੀ ਲੱਗੀ ਹੋਈ ਸੀ, ਇਸ਼ਨਾਨ ਕਰਨ ਜਾਂਦੇ ਸਾਂ। ਪਹਿਲਾਂ ਸਾਰੇ ਉੱਥੇ ਹੱਸਾ ਖੇਡਾ ਕਰਦੇ ਸਾਂ। ਪਰ ਹੁਣ ਸਾਰੇ ਚੁਪਚਾਪ ਇਸ਼ਨਾਨ ਕਰਕੇ ਆ ਜਾਂਦੇ ਸਾਂ। ਸਰਪੰਚ ਦਾ ਮੁੰਡਾ ਵੀ ਕਈ ਦਿਨ ਘਰੋਂ ਬਾਹਰ ਨਹੀਂ ਸੀ ਨਿਕਲਿਆ। ਅੱਜ ਜਦੋਂ ਕਿਸੇ ਨਾਲ ਇਹ ਗੱਲ ਕਰਦੇ ਹਾਂ ਤਾਂ ਕਿਸੇ ਨੂੰ ਯਕੀਨ ਨਹੀਂ ਹੁੰਦਾ।

ਦੂਜੀ ਘਟਨਾਂ ਇੰਜ ਹੈ-ਮੇਰੇ ਦਫਤਰ ਦੀ ਇੱਕ ਬੀਬੀ ਜੋ ਚੰਗੀ ਪੜ੍ਹੀ ਲਿਖੀ ਅਫਸਰ ਸੀ। ਆਮ ਤੌਰ ਤੇ ਅਸੀਂ ਪੰਜ ਛੇ ਕੁਲੀਗ ਸਵੇਰ ਦੀ ਚਾਹ ਇੱਕਠੇ ਪੀਂਦੇ ਸਾਂ। ਇੱਕ ਦਿਨ ਉਹ ਰੋਣ ਹਾਕੀ ਹੋਈ ਆ ਕੇ ਬੋਲੀ-ਅੱਜ ਮੈਂ ਫਾਹਾ ਵੱਢ ਦਿੱਤਾ। ਆਪਣੇ ਮੁੰਡੇ ਦਾ ਜਦੋਂ ਸਵੇਰੇ ਸਕੂਲ ਜਾਣ ਤੋਂ ਪਹਿਲਾਂ ਜੂੜਾ ਕਰਦੀ ਸਾਂ ਤਾਂ ਉੱਚੀ ਉੱਚੀ ਰੋਣ ਲੱਗ ਪੈਂਦਾ ਨਾ ਆਪ ਸਮੇਂ ਸਿਰ ਸਕੂਲ ਜਾਂਦਾ ਤੇ ਮੈਨੂੰ ਵੀ ਲੇਟ ਕਰ ਦਿੰਦਾ। ਅੱਜ ਮੈਂ ਉਹਦਾ ਜੂੜਾ ਹੀ ਵੱਢ ਦਿੱਤਾ। ਅਸੀਂ ਸਾਰੇ ਚੁੱਪ ਕਰ ਗਏ। ਕਿਸੇ ਨੂੰ ਕੋਈ ਗੱਲ ਨਾ ਸੁੱਝੀ। ਕਈ ਦਿਨ ਉਦਾਸ ਰਹੇ। ਹੁਣ ਤਾਂ ਸ਼ਾਇਦ ਇਹ ਗੱਲਾਂ ਆਮ ਹੋ ਗਈਆਂ ਹਨ। ਕੁਲਵੰਤ ਸਿੰਘ ਔਜਲਾ ਦੀ ਇਸ ਕਵਿਤਾ ਨੇ ਫੇਰ ਉਹ ਪੀੜ ਜਗਾਈ ਹੈ-

ਨਿੱਕੇ ਹੁੰਦਿਆਂ ਮੇਰੇ ਵਾਲ਼ਾਂ ਵਿੱਚ ਤੇਲ ਝੱਸਦੀ ਸੀ ਜਦੋਂ ਮੇਰੀ ਮਾਂ
ਉਸਦੇ ਅਣਘੜ ਜੇਹੇ ਪੋਟਿਆਂ ਵਿੱਚੋਂ ਸਿੰਮ ਆਉਂਦਾ ਸੀ ਗੁਰੂ ਦਾ ਨਾਂ
ਰੋਮ ਰੋਮ ਜੁੜ ਜਾਂਦਾ ਮਾਂ ਦਾ ਸੱਚੇ ਪਾਤਸ਼ਾਹ ਹਜ਼ੂਰ ਨਾਲ
ਮਾਂ ਦੀ ਗੋਦ ਵਿੱਚ ਲੀਨ ਹੋਇਆ ਭਰ ਜਾਂਦਾ ਮੈਂ ਵੀ ਸਰੂਰ ਨਾਲ
ਇੜਕਾਂ ਕੱਢਦੀ ਹੋਈ ਮਾਂ ਉਮਰ ਭਰ ਵਾਲਾਂ ਨੂੰ ਸੰਭਾਲਣ ਲਈ ਪ੍ਰੇਰਦੀ ਰਹਿੰਦੀ
ਸੁਣਾ ਸੁਣਾ ਕੇ ਕਥਾ ਕਹਾਣੀਆਂ ਮੇਰੇ ਕੱਚੇ ਮਨ ਨੂੰ ਪਕੇਰਦੀ ਰਹਿੰਦੀ
ਲੱਸੀ ਦਹੀਂ ਨਾਲ ਮਲ਼ ਮਲ਼ ਕੇ ਵਾਲ਼ਾਂ ਨੂੰ ਧੋਂਦੀ ਹੁੰਦੀ ਸੀ ਮੇਰੀ ਮਾਂ
ਅਜੀਤ ਤੇ ਜੁਝਾਰ ਦੀਆਂ ਕਰ ਕਰ ਗੱਲਾਂ ਖੂਬ ਰੋਂਦੀ ਹੁੰਦੀ ਮੇਰੀ ਮਾਂ
ਤੇਲ ਨਾਲ ਚੋਪੜੇ ਵਾਲ਼ਾਂ ਨੂੰ ਗੁੰਦ ਕੇ ਸੁੰਦਰ ਤੇ ਸੋਹਣਾ ਜੂੜਾ ਬਣਾਉਂਦੀ
ਜੂੜੇ ਉੱਤੇ ਰੰਗ ਬਰੰਗੇ ਫੁੱਲਾਂ ਨਾਲ ਕਢਿਆ ਹੋਇਆ ਰੁਮਾਲ ਸਜਾਉਂਦੀ
ਆਪਣੇ ਆਪ ਵਾਲਾਂ ਨੂੰ ਸਾਂਭਣ ਦੀ ਮਾਂ ਨੇ ਮੈਨੂੰ ਜਾਚ ਸਿਖਾਈ
ਵੱਡਾ ਹੋਇਆ ਤਾਂ ਲੈ ਕੇ ਓਟ ਆਸਰਾ ਸਿਰ ਉੱਤੇ ਦਸਤਾਰ ਸਜਾਈ
ਮਾਂ ਆਖਦੀ ਇਹ ਦਸਤਾਰ ਸਾਡੇ ਗੁਰੂਆਂ ਦੀ ਬਖਸ਼ੀਸ਼ ਹੈ
ਮਾਂ ਆਖਦੀ ਇਹ ਦਸਤਾਰ ਸਾਡੇ ਪੁਰਖਿਆਂ ਦੀ ਅਸੀਸ ਹੈ

ਅਜੋਕੇ ਮਾਹੌਲ ਨੂੰ ਦੇਖਦਿਆਂ ਉਪਰੋਕਤ ਜਿਹੀਆਂ ਅਨੇਕਾਂ ਸਤਰਾਂ ਸੰਵੇਦਨਸ਼ੀਲਾਂ ਨੂੰ ਸੌਣ ਨਹੀਂ ਦਿੰਦੀਆਂ। ਉਂਜ ਤਾਂ ਸਾਰੀ ਪੁਸਤਕ ਵਿੱਚ ਹੀ ਕਾਵਿ ਕਲਾ ਦੀ ਕਰਾਮਾਤ ਰਾਹੀਂ ਮਾਨਵ ਕਲਿਆਣ ਕਾਰੀ ਕਦਰਾਂ ਕੀਮਤਾਂ ਪੈਦਾ ਹੁੰਦੀਆਂ ਹੈ। ਪਰ ਵੇਖੋ 'ਆਹਰ ਕਰਦੀ ਮਾਂ' ਕਵਿਤਾ ਰਾਹੀਂ ਜੀਵਾਂ ਉੱਤੇ ਦਇਆ ਦੀ ਭਾਵਨਾਂ ਕਿਵੇਂ ਪੈਦਾ ਹੁੰਦੀ ਹੈ। ਇਸ ਦੇ ਨਾਲ ਨਾਲ ਸਿੱਖੀ ਵਿੱਚ ਮਾਸ ਖਾਣ ਨਾ ਖਾਣ ਦਾ ਵਾਦਵਿਵਾਦ ਬਿਨਾਂ ਕੋਈ ਤਰਕ ਵਿਤਰਕ ਕੀਤਿਆਂ ਤੁਹਾਨੂੰ ਇੱਕ ਫੈਸਲਾ ਕਰਨ ਲਈ ਮਜਬੂਰ ਕਰ ਦਿੰਦੀ ਹੈ ਔਜਲਾ ਸਾਹਿਬ ਦੀ ਇਹ ਕਵਿਤਾ-

ਕਦੇ ਕਦੇ ਲੋਹੜੀ ਦੀਵਾਲੀ ਬਾਪ
ਸਾਡਾ ਜਦ ਕੋਈ ਕੁੱਕੜ ਕੁੱਕੜੀ ਵੱਢਦਾ
ਮਾਂ ਭਰੇ ਮਨ ਨਾਲ ਤੜਕਾ ਲਾਉਂਦੀ
ਮੱਥੇ ਵੱਟ ਨਾ ਪਾਉਂਦੀ
ਸਾਨੂੰ ਨਿੱਕੇ ਬੱਚਿਆਂ ਨੂੰ ਇਕ ਅੱਧ ਆਂਡਾ ਖਾਣ ਨੂੰ ਦਿੰਦੀ
ਆਪ ਪਰ ਮੀਟ ਨੂੰ ਹੱਥ ਨਾ ਲਾਉਂਦੀ
ਬਾਰ ਬਾਰ ਭੁੱਲਾਂ ਬਖਸ਼ਾਉਂਦੀ

ਇੱਕ ਹੋਰ ਕਵਿਤਾ ਦਾ ਜ਼ਿਕਰ ਕਰ ਕੇ ਮੈਂ ਇਹ ਲੇਖ ਖਤਮ ਕਰਦਾ ਹਾਂ।
ਕਿਹੜਾ ਸ਼ਰਾਬੀ ਪੁੱਤ ਇਸ ਕਵਿਤਾ ਨੂੰ ਪੜ੍ਹ ਕੇ ਸ਼ਰਾਬ ਤੋਂ ਨਫਰਤ ਨਹੀਂ ਕਰੇਗਾ–

**'ਮਾਂ ਵਿਚਾਰੀ ਕਿਧਰ ਜਾਵੇ'**

ਲੇੜ੍ਹ ਕੇ ਪੀਂਦਾ ਪਤੀ ਸੀ ਹਰ ਰੋਜ਼
ਤਾਂ ਹੌਂਸਲਾ ਸੀ ਮਾਂ ਨੂੰ ਕਿ ਚਲੋ ਪੁਤ ਨਹੀਂ ਪੀਂਦਾ
ਗੁਜ਼ਾਰੇ ਜੋਗਾ ਆਕਾਸ਼ ਉਗਾਏਗਾ
ਮੇਰਾ ਤਤੜੀ ਦਾ ਜਿਸ ਸਹਾਰੇ
ਬਾਕੀ ਰਹਿੰਦਾ ਪੰਧ ਮੁੱਕ ਜਾਏਗਾ
ਪਰ ਹੁਣ ਜਦੋਂ ਪੁੱਤ ਵੀ ਪੀਣ ਲੱਗ ਗਿਆ ਪਤੀ ਵਾਂਗੂ
ਤਾਂ ਵਿਚਾਰੀ ਮਾਂ ਜ਼ੋਰ ਜ਼ੋਰ ਨਾਲ
ਆਪਣਾ ਹੀ ਢਿੱਡ ਕੁੱਟੇ ਰੋਵੇ ਤੇ ਕੁਰਲਾਵੇ
ਸਤੀ ਹੋਈ ਮਾਂ ਨੂੰ ਸਾਰੀ ਸਾਰੀ ਰਾਤ ਨੀਂਦ ਨਾ ਆਵੇ
ਪੁੱਤਰ ਸ਼ਰਾਬੀ ਹੋ ਕੇ ਮਾਂ ਬਾਰੇ ਲਿਖੀਆਂ ਕਵਿਤਾਵਾਂ ਸੁਣਾਉਂਦਾ ਹੈ
ਬਾਪ ਦੇਖੇ ਇਹ ਸਭ ਕੁਝ ਤੇ ਤਨਜ਼ ਨਾਲ ਮੁਸਕਾਵੇ
ਤੁਸੀਂ ਹੀ ਦੱਸੋ ਦੁਨੀਆਂ ਵਾਲਿਓ
ਮਾਂ ਵਿਚਾਰੀ ਕਿਧਰ ਜਾਵੇ

ਇਸ ਸਾਰੀ ਪੁਸਤਕ ਬਾਰੇ ਲਿਖਣ ਲੱਗਾ ਤਾਂ ਇੱਕ ਹੋਰ ਪੁਸਤਕ ਲਿਖੀ ਜਾਵੇਗੀ। ਮੇਰਾ ਖਿਆਲ ਹੈ ਇਹ ਪੁਸਤਕ ਵੀ ਇੱਕ ਮਾਂ ਹੀ ਹੈ। ਮੈਨੂੰ ਜਾਪਦਾ ਹੈ ਮੈਂ ਇਸ ਨੂੰ ਨਹੀਂ ਪੜ੍ਹ ਰਿਹਾ ਸਗੋਂ ਇਹ ਮੈਨੂੰ ਪੜ੍ਹਾ ਰਹੀ ਹੈ। ਸੱਚ ਹੀ ਮੈਂ ਇਸ ਪੁਸਤਕ ਨੂੰ ਪੜ੍ਹਨ ਸਮੇਂ ਮੈਂ ਆਪਣੇ ਆਪ ਨੂੰ ਆਪਣੀ ਮਾਂ ਕੋਲ ਬੈਠਾ ਹੀ ਮਹਿਸੂਸ ਕੀਤਾ ਹੈ।

ਭੁੱਲ ਲਈ ਖਿਮਾ

ਪਿਛਲੇ ਅੰਕ ਵਿਚ ਲੇਖ ਦੇ ਸਿਰਲੇਖ " ਸ੍ਰੀ ਗੁਰੂ ਹਰਿਗੋਬਿੰਦ ਜੀ' ਦੀ
ਥਾਂ "ਸ੍ਰੀ ਗੁਰੂ ਹਰਿਗੋਬਿੰਦ ਸਿੰਘ" ਛਪ ਗਿਆ ਸੀ ਇਸ ਲਈ ਅਸੀਂ ਖਿਮਾ ਮੰਗਦੇ ਹਾਂ।

# ਤੀਰਥ ਸਿੰਘ ਢਿੱਲੋਂ: ਸੰਚਾਲਨ ਕਲਾ ਦੇ ਉਸਤਾਦ

**ਡਾ: ਗੁਰਨਾਮ ਸਿੰਘ**

ਵਰਿਆਂ ਤੋਂ ਆਪਣੀ ਪ੍ਰਭਾਵਸ਼ਾਲੀ ਬੋਲਬਾਣੀ, ਅਤੇ ਸ਼ਬਦ ਸ਼ਿਲਪ ਕਲਾ ਨਾਲ ਸਰਗਰਮ ਸ. ਤੀਰਥ ਸਿੰਘ ਢਿੱਲੋਂ ਜਿਥੇ ਮੀਡੀਆ ਕਰਮੀ ਵਜੋਂ ਮਕਬੂਲ ਹਨ, ਓਥੇ ਹੀ ਕਲਾ, ਸੰਗੀਤ ਅਤੇ ਵਿਸ਼ੇਸ਼ ਕਰਕੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਉਨਾਂ ਦਾ ਯੋਗਦਾਨ ਵਿਸ਼ੇਸ਼ ਹੈ।

ਤੀਰਥ ਸਿੰਘ ਢਿੱਲੋਂ ਦਾ ਜਨਮ ਭਾਰਤੀ ਫੌਜ ਦੇ ਆਪਣੇ ਸਮੇਂ ਦੇ ਉੱਘੇ ਹਾਕੀ ਖਿਡਾਰੀ ਮਰਹੂਮ ਲੈਫਟੀਨੈਂਟ ਨਰੰਜਣ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਮਾਤਾ ਰਣਜੀਤ ਕੌਰ ਦੀ ਕੁੱਖੋਂ ਬੰਬਈ (ਹੁਣ ਮੁੰਬਈ) ਵਿਖੇ ਹੋਇਆ। ਉਹਨਾਂ ਅੰਗਰੇਜ਼ੀ ਵਿੱਚ ਐਮ ਏ ਦੇ ਨਾਲ-ਨਾਲ ਉਰਦੂ ਆਲਮ-ਫਾਜ਼ਲ ਕੀਤਾ। ਸੰਨ 1983 ਵਿਚ ਆਲ ਇੰਡੀਆ ਰੇਡੀਓ ਦੇ ਚੀਫ ਨਿਊਜ਼ ਰੀਡਰ ਚੁਣੇ ਗਏ ਅਤੇ ਪੰਜ ਸਾਲ ਦਿੱਲੀ ਰਹੇ। ਸੰਨ 1988 ਦੇ ਅਖੀਰ ਵਿਚ ਓਹ ਜਲੰਧਰ ਵਿਖੇ ਸਹਾਇਕ ਸੂਚਨਾ ਅਫਸਰ (ਭਾਰਤ ਸਰਕਾਰ) ਵਜੋਂ ਨਿਯੁਕਤ ਹੋਏ। ਫੇਰ ਇੱਕ ਸਾਲ ਆਲ ਇੰਡੀਆ ਰੇਡੀਓ ਜਲੰਧਰ ਵਿਚ ਪ੍ਰੋਡਿਊਸਰ ਰਹੇ ਅਤੇ ਸੰਨ 1996 ਵਿਚ ਦੂਰਦਰਸ਼ਨ ਜਲੰਧਰ ਵਿਖੇ ਬਤੌਰ ਨਿਊਜ਼ ਰੀਡਰ ਨਿਯੁਕਤ ਹੋਏ ਜਿਥੋਂ ਉਹ ਬਤੌਰ ਚੀਫ਼ ਨਿਊਜ਼ ਰੀਡਰ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਸੇਵਾਮੁਕਤ ਹੋਏ।

ਤੀਰਥ ਸਿੰਘ ਢਿੱਲੋਂ ਨੇ ਆਪਣੇ ਵਿਸ਼ੇਸ਼ ਅੰਦਾਜ਼ ਦੁਆਰਾ ਸਧਾਰਨ ਖਬਰਾਂ ਨੂੰ ਪੰਜਾਬੀ, ਹਿੰਦੀ ਅਤੇ ਉਰਦੂ ਦੀ ਸ਼ਬਦਾਵਲੀ ਨਾਲ ਅਮੀਰ ਕੀਤਾ। ਪੱਤਰਕਾਰੀ ਦੇ ਖੇਤਰ ਵਿਚ ਆਪ ਦੀ ਇਹ ਕਲਾ, ਅਕਾਦਮਿਕ ਪੱਧਰ ਉੱਤੇ ਖੋਜ ਦਾ ਵਿਸ਼ਾ ਬਾਣੀ ਅਤੇ ਸਿਖਾਂਦਰੂਆਂ ਲਈ ਹੋਰ ਵੀ ਵਿਸ਼ੇਸ਼ ਹੈ। ਬਤੌਰ ਪ੍ਰੋਗਰਾਮ ਸੰਚਾਲਕ, ਤੀਰਥ ਸਿੰਘ ਢਿੱਲੋਂ ਗੰਭੀਰ ਅਤੇ ਕਲਾਤਮਕ ਪੇਸ਼ਕਾਰੀਆਂ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਵਜੋਂ ਮਕਬੂਲ ਹੋਏ ਹਨ। ਹਲਕੇ ਅਤੇ ਸਸਤੀ ਸ਼ੋਹਰਤ ਤੋਂ ਕੋਹਾਂ ਦੂਰ ਆਪਣੀ ਵਿਸ਼ੇਸ਼ ਅਦਬੀ ਜ਼ਬਾਨ ਨਾਲ ਕਲਾਤਮਕ ਪੇਸ਼ਕਾਰੀਆਂ ਨੂੰ ਸਰੋਤਿਆਂ ਦੇ ਸਨਮੁਖ ਪਰੋਸਣ ਦੀ ਕਲਾ ਆਪ ਦੀ ਵਿਸ਼ੇਸ਼ਤਾ ਰਹੀ ਹੈ। ਪੰਜਾਬੀ ਦੇ ਨਾਲ ਨਾਲ, ਸ. ਤੀਰਥ ਸਿੰਘ ਢਿੱਲੋਂ ਉਰਦੂ ਅਤੇ ਫ਼ਾਰਸੀ ਜ਼ਬਾਨਾਂ ਅਤੇ ਉਰਦੂ ਸ਼ਾਇਰੀ ਦੇ ਵਿਦਵਾਨ ਗਿਆਤਾ ਹਨ। ਸ਼ੇਅਰੋ-ਸ਼ਾਇਰੀ ਕਰਨਾ, ਸੁਣਨਾ, ਮਾਣਨਾ ਅਤੇ ਸੰਵੇਦਨਸ਼ੀਲ ਦੋਸਤਾਂ ਨਾਲ ਸਾਂਝੇ ਕਰਨਾ ਆਪ ਦਾ ਸ਼ੌਕ ਹੈ। ਇਸੇ ਸ਼ੌਕ ਕਰਕੇ ਦੇਸ਼ ਵਿਦੇਸ਼ ਦੇ ਲੇਖਕਾਂ, ਬੁਲਾਰਿਆਂ ਅਤੇ ਨੇਤਾਵਾਂ ਨਾਲ ਆਪ ਦੀ ਲੰਮੇਰੀ ਅਤੇ ਗਹਿਰੀ ਸਾਂਝ ਨਿਰੰਤਰ ਬਰਕਰਾਰ ਹੈ। ਬਤੌਰ ਲੇਖਕ ਸ. ਤੀਰਥ ਸਿੰਘ ਢਿੱਲੋਂ ਦੀਆਂ ਪੰਜਾਬੀ, ਅੰਗਰੇਜ਼ੀ ਵਿਚ ਵਾਰਤਕ ਅਤੇ ਕਾਵਿ ਵਿਚ ਰਚਨਾਵਾਂ ਦੀਆਂ ਪੁਸਤਕਾਂ ਵੀ ਉਪਲਬੱਧ ਹਨ। ਵਿਅੰਗ ਵਿਸ਼ਾ ਆਪ ਦੀ ਪ੍ਰਤਿਭਾ ਦਾ ਇਕ ਹੋਰ ਵਿਸ਼ੇਸ਼ ਖੇਤਰ ਹੈ। ਗੁਰਬਾਣੀ, ਸਿੱਖ ਇਤਿਹਾਸ, ਸੰਗੀਤ ਅਤੇ ਗੁਰਮਤਿ ਸੰਗੀਤ ਪ੍ਰੋਗਰਾਮ ਅਤੇ ਡਾਕੂਮੈਨਟੇਸ਼ਨ ਵਿਚ ਆਪ ਨੇ ਆਪਣੇ ਬੋਲਾਂ ਦੇ ਨਾਲ ਨਾਲ ਲਿਖਤਾਂ ਦੁਆਰਾ ਵੀ ਵਡਮੁੱਲਾ ਯੋਗਦਾਨ ਪਾਇਆ ਹੈ।

ਦੂਰਦਰਸ਼ਨ ਲਈ 'ਬਾਣੀ ਗੁਰੂ ਗੁਰੂ ਹੈ ਬਾਣੀ' ਦੇ ਕੋਆਰਡੀਨੇਟਰ ਵਜੋਂ ਆਪ ਦੀ ਵਿਸ਼ੇਸ਼ ਭੂਮਿਕਾ ਰਹੀ ਆਪ ਦੀ ਮੁਹਾਰਤ ਕਰਕੇ ਹੀ ਆਪ ਨੇ ਪਾਉਂਟਾ ਸਾਹਿਬ ਵਿਖੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਸ਼ਤਾਬਦੀ ਸਮਾਗਮਾਂ ਮੌਕੇ ਕਰਵਾਏ ਗਏ ਵਿਸ਼ੇਸ਼ ਤ੍ਰੈ-ਭਾਸ਼ੀ ਕਵੀ ਦਰਬਾਰ ਦਾ 12 ਘੰਟੇ ਲਾਈਵ ਪ੍ਰੋਗਰਾਮ ਸੰਚਾਲਿਤ ਕਰਕੇ ਵਿਸ਼ੇਸ਼ ਨਾਮਣਾ ਖਟਿਆ। ਦੇਸ਼ ਵਿਦੇਸ਼ ਦੀਆਂ ਅਨੇਕ ਧਾਰਮਿਕ, ਸਾਹਿਤਕ, ਸਭਿਆਚਾਰਕ ਅਤੇ ਮੀਡੀਆ ਨਾਲ ਸਬੰਧਿਤ ਸੰਸਥਾਵਾਂ ਵਲੋਂ ਕਈ ਐਵਾਰਡ ਅਤੇ ਸਨਮਾਨ ਨਾਲ ਸਨਮਾਨਿਤ ਕਰਦਿਆਂ ਆਪ ਨੂੰ 'ਕੌਮ ਦਾ ਮਾਣ', 'ਸੁਨਿਹਰੀ ਕਲਮ', 'ਲਫ਼ਜ਼ਾਂ ਦਾ ਜਾਦੂਗਰ', 'ਮਹਾਂ ਸੰਚਾਲਕ' ਅਤੇ 'ਬਹੁਭਾਸ਼ੀ ਸ਼ਰੋਮਣੀ ਬੁਲਾਰੇ' ਦੇ ਖ਼ਿਤਾਬ ਪ੍ਰਦਾਨ ਕੀਤੇ ਗਏ।

ਗੁਰਮਤਿ ਸੰਗੀਤ ਦੇ ਖੇਤਰ ਵਿਚ ਸ. ਤੀਰਥ ਸਿੰਘ ਢਿੱਲੋਂ ਨੇ ਬਤੌਰ ਲੇਖਕ, ਸੰਯੋਜਕ ਅਤੇ ਸੰਚਾਲਕ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਆਪ ਦੀਆਂ ਅਨੇਕ ਪ੍ਰਕਾਸ਼ਨਾਵਾਂ ਗੁਰਮਤਿ ਸੰਗੀਤ ਦੇ ਖੋਜਾਰਥੀਆਂ ਲਈ ਵਿਸ਼ੇਸ਼ ਮਾਇਨੇ ਰੱਖਦੀਆਂ ਹਨ। ਵੱਖ ਵੱਖ ਅਖਬਾਰਾਂ ਵਿਚ ਗੁਰਮਤਿ ਸੰਗੀਤ ਬਾਰੇ ਨਿਰੰਤਰ ਖੋਜ ਪੱਤਰ ਲਿਖਦਿਆਂ ਢਿੱਲੋਂ ਸਾਹਿਬ ਨੇ ਕੀਰਤਨੀਆਂ ਦੀ ਸ਼ਖਸੀਅਤ ਅਤੇ ਸ਼ੈਲੀ ਨੂੰ ਆਪਣੇ ਅੰਦਾਜ਼ ਵਿਚ ਵਿਸ਼ਲੇਸ਼ਤ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਸੱਤਰਵਿਆਂ ਦੇ ਦਹਾਕੇ ਵਿੱਚ ਜਦੋਂ ਕੀਰਤਨ ਦੇ ਖੇਤਰ ਪਰੰਪਰਾਗਤ ਰਾਗਾਤਮਕ ਸ਼ਬਦ ਕੀਰਤਨ ਦੀ ਬਜਾਏ ਗੀਤਾਂ ਵਾਂਗੂੰ ਸ਼ਬਦ ਦੇ ਗਾਇਨ ਦਾ ਰਿਵਾਜ ਚਲਿਆ ਤਾਂ ਤੀਰਥ ਸਿੰਘ ਢਿੱਲੋਂ ਨੇ ਇਸ ਪ੍ਰਚਲਨ ਖਿਲਾਫ਼ ਨਾ ਸਿਰਫ ਆਪਣੀ ਬੇਬਾਕ ਆਵਾਜ਼ ਬੁਲੰਦ ਕੀਤੀ ਸਗੋਂ ਪੁਰਾਤਨ ਅਤੇ ਅਸਲ ਕੀਰਤਨ ਸ਼ੈਲੀ ਨੂੰ ਉਭਾਰਨ ਲਈ ਕੀਰਤਨ ਦਰਬਾਰ ਕਰਾਉਣ ਦੀ ਪਰੰਪਰਾ ਆਰੰਭ ਕੀਤੀ। ਆਪਣੇ ਜੱਦੀ ਪਿੰਡ ਢਿੱਲਵਾਂ (ਨੇੜੇ ਜਲੰਧਰ ਛਾਉਣੀ) ਵਿਖੇ ਭਾਈ ਧਰਮ ਸਿੰਘ ਜ਼ਖਮੀ, ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਬਲਬੀਰ ਸਿੰਘ, ਪ੍ਰਿੰ. ਬਲਦੇਵ ਸਿੰਘ, ਭਾਈ ਹਰਚੰਦ ਸਿੰਘ ਵਰਗੇ ਕੀਰਤਨੀਆਂ ਦੀਆਂ ਸੇਵਾਵਾਂ ਨਾਲ ਕਈ ਕੀਰਤਨ ਦਰਬਾਰ ਕਰਵਾਏ। ਪੰਜਾਬ ਵਿੱਚ ਕੀਰਤਨ ਦਰਬਾਰ ਕਰਾਉਣ ਦੀ ਇਹ ਪਹਿਲੀ ਕੋਸ਼ਿਸ਼ ਸੀ ਜਿਸ ਨੂੰ ਅੱਗੇ ਜਾ ਕੇ ਕਈ ਹੋਰ ਲੋਕਾਂ ਨੇ ਅਪਣਾਇਆ।

ਆਲ ਇੰਡੀਆ ਰੇਡੀਓ, ਜਲੰਧਰ ਨੂੰ ਰਾਗਾਤਮਕ ਕੀਰਤਨ ਲਈ ਉਤਸ਼ਾਹਿਤ ਅਤੇ ਜਾਗਰੂਕ ਕਰਨ ਵਿਚ ਆਪ ਦੀ ਵਿਸ਼ੇਸ਼ ਭੂਮਿਕਾ ਰਹੀ। ਪਦਮ ਸ੍ਰੀ ਉਸਤਾਦ ਸੋਹਣ ਸਿੰਘ (ਆਗਰਾ ਘਰਾਣਾ) ਅਤੇ ਸ. ਬਲਬੀਰ ਸਿੰਘ ਕਲਸੀ ਨਾਲ ਮਿਲਕੇ ਐਤਵਾਰ ਰਾਤ ਨੂੰ ਪਹਿਲਾ ਸਪਤਾਹਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦਾ ਪ੍ਰੋਗਰਾਮ ਮਕਬੂਲ ਕਰਵਾਇਆ ਜਿਸ ਦੀ ਰਿਕਾਰਡਿੰਗ ਅੱਜ ਵੀ ਵਿਸ਼ੇਸ਼ ਅਤੇ ਇਤਿਹਾਸਕ ਹੈ।

ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸਰਪ੍ਰਸਤ ਸੰਤ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਵਾਲਿਆਂ ਨੇ ਜਦੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਚਲਾਈ ਤਾਂ ਉਸ ਵਿਚ ਬਤੌਰ ਪ੍ਰੋਗਰਾਮ ਸੰਚਾਲਕ ਅਤੇ ਵਿਸ਼ਲੇਸ਼ਕ ਵਜੋਂ ਸ. ਤੀਰਥ ਸਿੰਘ ਢਿੱਲੋਂ ਦੀ ਭਾਲ ਅਤੇ ਚੋਣ ਸਹੀ ਸਾਬਤ ਹੋਈ। ਆਪ ਨੇ ਸੰਨ 1991-92 ਦੇ ਉਨਾਂ ਦਿਨਾਂ ਦੌਰਾਨ, ਅਣਥੱਕ ਰੂਪ ਵਿਚ ਕਈ ਕਈ ਦਿਨ ਇਨਾਂ ਰਾਗਾਤਮਕ ਪ੍ਰੋਗਰਾਮਾਂ ਦਾ ਸੰਚਾਲਨ ਕੀਤਾ। ਇਸ ਦੇ ਨਾਲ ਹੀ ਕੀਰਤਨੀਆਂ, ਕੀਰਤਨ ਸ਼ੈਲੀ, ਰਾਗਾਂ ਦੇ ਮਹੱਤਵ ਨੂੰ ਆਪਣੇ ਪਰਮਾਣਿਕ ਅੰਦਾਜ਼ ਵਿਚ ਪੇਸ਼ ਕਰਦਿਆਂ ਜੋ ਟਿੱਪਣੀਆਂ ਕੀਤੀਆਂ ਉਹ ਵਿਸ਼ੇਸ਼ ਅਤੇ ਯਾਦਗਾਰ ਹਨ। ਗੁਰਮਤਿ ਸੰਗੀਤ ਦੇ ਪ੍ਰਸੰਗ ਵਿਚ ਆਪ ਵਰਿਆਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਦੇ ਕੀਰਤਨੀਆਂ ਦੀ ਚੋਣ ਕਰਨ ਵਾਲੀ ਸ਼ਰੋਮਣੀ ਕੀਰਤਨ ਸਬ-ਕਮੇਟੀ ਅਤੇ ਸਲਾਹਕਾਰ ਕਮੇਟੀ ਦੇ ਵਿਸ਼ੇਸ਼ ਮੈਂਬਰ ਵਜੋਂ ਕਾਰਜਸ਼ੀਲ ਹਨ। ਇਸੇ ਤਰਾਂ ਪੰਜਾਬ ਸਰਕਾਰ ਨੇ ਓਹਨਾਂ ਨੂੰ ਸ਼੍ਰੋਮਣੀ ਰਾਗੀ ਐਵਾਰਡ ਦੇਣ ਵਾਲੀ ਭਾਸ਼ਾ ਵਿਭਾਗ ਪੰਜਾਬ ਦੀ ਸਲਾਹਕਾਰ ਕਮੇਟੀ ਦਾ ਤਿੰਨ ਸਾਲ ਲਈ ਮੈਂਬਰ ਨਾਮਜ਼ਦ ਕੀਤਾ ਹੈ। ਵਰਤਮਾਨ ਸਮੇਂ ਸ. ਤੀਰਥ ਸਿੰਘ ਢਿੱਲੋਂ ਆਪਣੇ ਯੂ-ਟਿਊਬ ਚੈਨਲ (7 ") ਉੱਤੇ ਗੁਰਮਤਿ ਸੰਗੀਤ ਸਬੰਧੀ ਲਿਖਤਾਂ ਨੂੰ ਵੱਡ ਅਕਾਰੀ ਪ੍ਰਕਾਸ਼ਨ ਦੇ ਰੂਪ ਵਿਚ ਤਿਆਰ ਕਰਨ ਵਿਚ ਰੁੱਝੇ ਹੋਏ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸ਼ਬਦ ਕੀਰਤਨ ਮਿਆਰ ਨੂੰ ਸ਼ੁੱਧ ਅਤੇ ਪਰਮਾਣਿਕ ਰਾਗਾਤਮਕ ਗੁਰਮਤਿ ਸੰਗੀਤ ਸ਼ੈਲੀ ਅਨੁਸਾਰ ਪਰਸਾਰਨ ਦੇ ਚਾਹਵਾਨ ਸ. ਤੀਰਥ ਸਿੰਘ ਢਿੱਲੋਂ ਨੇ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦੇ ਮੁਲਾਂਕਣ ਸਬੰਧੀ ਵਿਸ਼ੇਸ਼ ਯੂ-ਟਿਊਬ ਪ੍ਰੋਗਰਾਮ ਵੀ ਆਰੰਭ ਕੀਤਾ ਹੈ ਜੋ ਆਉਣ ਵਾਲੇ ਸਮੇਂ ਵਿਚ ਗੁਰਮਤਿ ਸੰਗੀਤ ਦੇ ਖੇਤਰ ਵਿਚ ਆਪ ਦਾ ਵਿਸ਼ੇਸ਼ ਯੋਗਦਾਨ ਹੋਵੇਗਾ।

**ਬਾਨੀ ਤੇ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਗੁਰਮਤਿ ਸੰਗੀਤ ਚੇਅਰ ਵੱਲੋਂ ਕਰਵਾਏ ਗਏ ਕਾਰਜਾਂ ਦੀ ਰਿਪੋਰਟ

# 'ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ : ਸੰਗੀਤਕ ਪਰਿਪੇਖ 'ਵਿਸ਼ੇ' ਤੇ ਇਕ ਰੋਜ਼ਾ ਵੈਬੀਨਾਰ

**(ਮਿਤੀ 15.04.21)**

ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਇਕ ਰੋਜ਼ਾ ਵੈਬੀਨਾਰ ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ : ਸੰਗੀਤਕ ਪਰਿਪੇਖ ਵਿਸ਼ੇ 'ਤੇ ਕਰਵਾਇਆ ਗਿਆ। ਸ਼ੁਰੂਆਤ ਵਿੱਚ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਗੁਰਮਤਿ ਸੰਗੀਤ ਚੇਅਰ ਦੇ ਵੱਖ-ਵੱਖ ਪ੍ਰੋਜੈਕਟਾਂ ਬਾਰੇ ਦੱਸਦਿਆਂ ਵਿਦਵਾਨਾਂ ਅਤੇ ਸਰੋਤਿਆਂ ਦਾ ਸੁਆਗਤ ਕੀਤਾ। ਵੈਬੀਨਾਰ ਦੀ ਪ੍ਰਧਾਨਗੀ ਡਾ. ਪੁਸ਼ਪਿੰਦਰ ਸਿੰਘ ਗਿੱਲ, ਡੀਨ ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ ਵਲੋਂ ਕੀਤੀ ਗਈ, ਜਿਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਵਿੱਚ 2003 ਤੋਂ ਸਥਾਪਤ ਗੁਰਮਤਿ ਸੰਗੀਤ ਚੇਅਰ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਮੁੱਖ ਵਕਤਾ ਵਜੋਂ ਉੱਘੀ ਸ਼ਾਸਤਰੀ ਗਾਇਕਾ ਅਤੇ ਸੰਗੀਤ ਵਿਭਾਗ ਵਿੱਚ ਪ੍ਰੋਫ਼ੈਸਰ ਡਾ. ਨਿਵੇਦਿਤਾ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਫ਼ਲਸਫ਼ੇ ਅਤੇ ਗੁਰਮਤਿ ਸੰਗੀਤ ਵਿੱਚ ਪਾਏ ਯੋਗਦਾਨ ਬਾਰੇ ਇਤਿਹਾਸਕ ਹਵਾਲੇ ਦੇ ਕੇ ਦੱਸਿਆ। ਉਨ੍ਹਾਂ ਨੇ ਬਾਣੀ ਵਿਚੋਂ ਵੱਖ-ਵੱਖ ਰਾਗਾਂ ਵਿੱਚ ਰਸਭਿੰਨਾ ਸ਼ਬਦ ਗਾਇਨ ਕੀਤਾ ਅਤੇ ਨਾਲ ਹੀ ਸ਼ਬਦਾਂ ਦੇ ਅਰਥ ਵੀ ਸਮਝਾਏ ਜੋ ਵਿਦਿਆਰਥੀਆਂ ਤੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋਏ। ਮੁੱਖ ਮਹਿਮਾਨ ਵਜੋਂ ਉੱਘੇ ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਸ਼ਿਰਕਤ ਕੀਤੀ, ਜੋ 400 ਸਾਲ ਪੁਰਾਣੀ ਬਾਗੜੀਆਂ ਪਰੰਪਰਾ ਦੇ ਵਾਰਸ ਹਨ। ਆਪ ਨੇ ਗੁਰੂ ਕਾਲ ਵਿਚੋਂ ਹਵਾਲੇ ਦਿੰਦਿਆਂ ਹੋਇਆਂ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਅਤੇ ਉਸ ਨਾਲ ਜੁੜੇ ਇਤਿਹਾਸ ਨੂੰ ਬਹੁਤ ਸੁੰਦਰ ਸ਼ਬਦਾਂ ਵਿੱਚ ਬਿਆਨ ਕੀਤਾ।

ਵੈਬੀਨਾਰ ਦੇ ਅੰਤ ਵਿੱਚ ਪ੍ਰੋ. ਹਰਬੰਸ ਸਿੰਘ ਸਿੱਖ ਵਿਸ਼ਵ-ਕੋਸ਼ ਵਿਭਾਗ ਦੇ ਮੁਖੀ ਪ੍ਰੋ. ਪਰਮਵੀਰ ਸਿੰਘ ਨੇ ਵੈਬੀਨਾਰ ਵਿੱਚ ਸ਼ਾਮਲ ਵਿਦਵਾਨਾਂ, ਮਹਿਮਾਨਾਂ ਅਤੇ ਸਰੋਤਿਆਂ ਦਾ ਯੂਨੀਵਰਸਿਟੀ ਵਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਲੋਂ ਗੁਰੂ ਤੇਗ ਬਹਾਦਰ ਜੀ ਦੇ ਸ਼ਤਾਬਦੀ ਗੁਰਪੁਰਬ ਨੂੰ ਸਮਰਪਿਤ ਇਹ 45ਵਾਂ ਵੈਬੀਨਾਰ ਮੀਲ ਪੱਥਰ ਸਾਬਤ ਹੋਇਆ ਹੈ। ਵੈਬੀਨਾਰ ਵਿੱਚ ਫ਼ੈਕਲਟੀ ਅਤੇ ਖੋਜਾਰਥੀਆਂ ਸਮੇਤ ਵੱਡੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਸਰੋਤੇ ਜੁੜੇ ਜਿਨ੍ਹਾਂ ਵਿੱਚ ਕੈਨੇਡਾ ਤੋਂ ਡਾ. ਸੁਰਿੰਦਰ ਧੰਜਲ, ਲਖਬੀਰ ਸਿੰਘ ਰਤਨਪਾਲ, ਕੁਲਵਿੰਦਰ ਕੁਲਾਰ, ਯੂ.ਕੇ. ਤੋਂ ਗੁਰਬਖਸ਼ ਸਿੰਘ, ਨਿਰਮਲ ਸਿੰਘ ਸਿੱਧੂ ਤੋਂ ਇਲਾਵਾ ਡਾ. ਮੁਕੇਸ਼ ਗਰਗ, ਡਾ. ਬਲਵਿੰਦਰ ਪਾਲ ਸਿੰਘ, ਡਾ. ਰਵੀ ਸ਼ਰਮਾ, ਡਾ. ਭੀਮਇੰਦਰ ਸਿੰਘ, ਡਾ. ਇੰਦਿਰਾ ਬਾਲੀ, ਡਾ. ਲਲਿਤਾ ਜੈਨ, ਡਾ. ਅੰਬੁਜ ਮਾਲਾ, ਡਾ. ਹਰਮਿੰਦਰ ਕੌਰ, ਸ. ਜਸਬੀਰ ਸਿੰਘ ਜਵੱਦੀ ਆਦਿ ਸ਼ਾਮਲ ਹੋਏ।

## ਰਾਗਾਤਮਕ ਕੀਰਤਨ ਸਮਾਗਮ 'ਤੇਗ ਬਹਾਦਰ ਸਿਮਰਿਐ'

**(ਮਿਤੀ 11.05.21)**

ਚੇਅਰ ਵੱਲੋਂ ਵਾਈਸ-ਚਾਂਸਲਰ ਡਾ. ਅਰਵਿੰਦ ਦੀ ਸਰਪ੍ਰਸਤੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਾਗਾਤਮਕ ਕੀਰਤਨ ਸਮਾਗਮ "ਤੇਗ ਬਹਾਦਰ ਸਿਮਰਿਐ" ਆਨਲਾਈਨ ਮਾਧਿਅਮ ਰਾਹੀਂ ਕਰਵਾਇਆ ਗਿਆ। ਪ੍ਰਧਾਨਗੀ ਕਰਦਿਆਂ ਵੀ.ਸੀ. ਡਾ. ਅਰਵਿੰਦ ਨੇ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਗੁਰਮਤਿ ਸੰਗੀਤ ਚੇਅਰ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਦਾ ਸਿੱਖੀ ਵਿੱਚ

ਬਹੁਤ ਖ਼ਾਸ ਸਥਾਨ ਹੈ ਅਤੇ ਗੁਰੂ ਜੀ ਖ਼ੁਦ ਹੀ ਸੰਤ ਸਿਪਾਹੀ ਸਨ। ਉਨ੍ਹਾਂ ਦੀ ਸਾਰੀ ਬਾਣੀ ਵੈਰਾਗਮਈ ਹੈ। ਉਪਰੰਤ ਸੰਗੀਤ ਵਿਭਾਗ ਵਿਚ ਪ੍ਰੋਫ਼ੈਸਰ ਡਾ. ਨਿਵੇਦਿਤਾ ਸਿੰਘ ਨੇ ਗੁਰੂ ਤੇਗ ਬਹਾਦਰ ਬਾਣੀ ਦੇ ਸੰਗੀਤਕ ਪਰਿਪੇਖ ਬਾਰੇ ਵਿਚਾਰ ਰੱਖੇ ਕਿ ਆਪ ਨੇ 17 ਰਾਗਾਂ ਵਿਚ 59 ਸ਼ਬਦਾਂ ਤੋਂ ਇਲਾਵਾ 57 ਸਲੋਕ ਰਚੇ ਅਤੇ 31ਵੇਂ ਰਾਗ ਜੈਜਾਵੰਤੀ ਵਿਚ ਬਾਣੀ ਉਚਾਰੀ।

ਸਮਾਗਮ ਵਿਚ ਭਾਈ ਕੁਲਦੀਪ ਸਿੰਘ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੇ ਰਾਗ ਤਿਲੰਗ ਵਿਚ "ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥", ਡਾ. ਨਿਵੇਦਿਤਾ ਸਿੰਘ ਨੇ ਸੋਰਠ ਰਾਗ ਵਿਚ "ਮਨ ਕੀ ਮਨ ਹੀ ਮਾਹਿ ਰਹੀ" ਅਤੇ ਡਾ. ਅਲੰਕਾਰ ਸਿੰਘ ਨੇ ਰਾਗ ਬਸੰਤ ਵਿਚ "ਮਨ ਕਹਾ ਬਿਸਾਰਿਓ ਰਾਮ ਨਾਮੁ" ਸ਼ਬਦਾਂ ਦਾ ਗਾਇਨ ਕੀਤਾ। ਕੀਰਤਨਕਾਰਾਂ ਦੀ ਜਾਣ-ਪਛਾਣ ਸੰਗੀਤ ਵਿਭਾਗ ਦੀ ਖੋਜਾਰਥਣ ਬੀਬਾ ਅਮਨਪ੍ਰੀਤ ਕੌਰ ਵੱਲੋਂ ਕਰਵਾਈ ਗਈ। ਵਿਸ਼ੇਸ਼ ਮਹਿਮਾਨ ਵਜੋਂ ਬੀਬੀ ਜਗੀਰ ਕੌਰ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਉੱਘੇ ਵਿਦਵਾਨ ਡਾ. ਜਸਬੀਰ ਸਿੰਘ ਸਾਬਰ ਨੇ ਸ਼ਿਰਕਤ ਕੀਤੀ।

ਅੰਤ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਡੀਨ ਬਾਹਰੀ ਕੇਂਦਰ ਅਤੇ ਸੀਨੀਅਰ ਪ੍ਰੋਫ਼ੈਸਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਸਮਾਗਮ ਵਿੱਚ ਸ਼ਾਮਲ ਸ਼ਖ਼ਸੀਅਤਾਂ, ਕੀਰਤਨੀਆਂ ਅਤੇ ਸਰੋਤਿਆਂ ਦਾ ਯੂਨੀਵਰਸਿਟੀ ਵੱਲੋਂ ਧੰਨਵਾਦ ਕੀਤਾ। ਸਮਾਗਮ ਵਿੱਚ ਫ਼ੈਕਲਟੀ ਅਤੇ ਖੋਜਾਰਥੀਆਂ ਸਮੇਤ ਵੱਡੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਸਰੋਤੇ ਜੁੜੇ ਜਿਨ੍ਹਾਂ ਵਿੱਚ ਡਾ. ਰਣਬੀਰ ਕਿੰਗਰਾ, ਡਾ. ਅਮਰ ਇੰਦਰ ਸਿੰਘ, ਪ੍ਰੋ. ਅਰੁਨਾ, ਡਾ. ਸੰਗੀਤਾ ਸ਼ਰਮਾ, ਡਾ. ਵਨਿਤਾ, ਡਾ. ਗਗਨਦੀਪ ਸਿੰਘ (ਯੂ.ਐੱਸ.ਏ.), ਡਾ. ਕਰਮਜੀਤ ਕੌਰ, ਡਾ. ਹਰਮਿੰਦਰ ਕੌਰ, ਸ. ਜਸਬੀਰ ਸਿੰਘ ਜਵੱਦੀ ਆਦਿ ਸ਼ਾਮਲ ਹੋਏ।

## 'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਰਹੱਸਵਾਦ : ਗੁਰਮਤਿ ਸੰਗੀਤ ਪਰਿਪੇਖ' ਵਿਸ਼ੇ 'ਤੇ ਇਕ ਰੋਜ਼ਾ ਵੈਬੀਨਾਰ (ਮਿਤੀ 25.05.21)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਾਈਸ-ਚਾਂਸਲਰ ਡਾ. ਅਰਵਿੰਦ ਦੀ ਸਰਪ੍ਰਸਤੀ ਵਿਚ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਇਕ ਰੋਜ਼ਾ ਵੈਬੀਨਾਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਰਹੱਸਵਾਦ : ਗੁਰਮਤਿ ਸੰਗੀਤ ਪਰਿਪੇਖ ਵਿਸ਼ੇ 'ਤੇ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਗਾਇਨ ਤੋਂ ਕੀਤੀ। ਵੈਬੀਨਾਰ ਦੀ ਪ੍ਰਧਾਨਗੀ ਡਾ. ਬਲਵੀਰ ਸਿੰਘ ਸੰਧੂ, ਡੀਨ ਅਕਾਦਮਿਕ ਮਾਮਲੇ ਵੱਲੋਂ ਕੀਤੀ ਗਈ, ਜਿਹਨਾਂ ਨੇ ਯੂਨੀਵਰਸਿਟੀ ਵਿਚ 2003 ਤੋਂ ਸਥਾਪਤ ਗੁਰਮਤਿ ਸੰਗੀਤ ਚੇਅਰ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਦਸਿਆ ਕਿ ਪੰਜਾਬੀ ਯੂਨੀਵਰਸਿਟੀ ਦਾ ਕੇਂਦਰੀ ਆਡੀਟੋਰੀਅਮ ਦਾ ਨਾਮ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ ਹੈ। ਆਪ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ ਸ਼ਤਾਬਦੀ ਗੁਰਪੁਰਬ ਨੂੰ ਸਮਰਪਿਤ ਇਹ 49ਵਾਂ ਵੈਬੀਨਾਰ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਸਿੱਖਿਆਵਾਂ ਤੋਂ ਸੇਧ ਲੈਣਾ ਸਾਡਾ ਮੁਕੱਦਸ ਫਰਜ਼ ਹੈ।

ਪਹਿਲੇ ਮੁੱਖ ਵਕਤਾ ਵਜੋਂ ਉੱਘੇ ਸਿੱਖ ਚਿੰਤਕ ਸ. ਅਨੁਰਾਗ ਸਿੰਘ ਨੇ ਬਾਣੀ ਗੁਰੂ ਤੇਗ ਬਹਾਦਰ ਦੇ ਰਹੱਸਵਾਦ ਬਾਰੇ ਗੱਲ ਕਰਦਿਆਂ ਰਾਗ, ਘਰੁ ਅਤੇ ਹੋਰ ਸੰਕੇਤਾਂ ਨੂੰ ਉਜਾਗਰ ਕੀਤਾ ਅਤੇ ਦੱਸਿਆ ਕਿ ਸਾਡੇ ਗੁਰੂਆਂ ਨੇ ਸ਼ੁਰੂ ਤੋਂ ਹੀ ਸੰਗੀਤ ਰਾਹੀਂ ਬਾਣੀ ਵਿਚ ਰਾਗਾਂ ਨੂੰ ਨਵੀਂ ਥਾਂ ਦਿੱਤੀ। ਸੰਗੀਤ ਇਕ ਵਾਹਨ ਹੈ ਜਿਸ ਉੱਤੇ ਬੈਠ ਕੇ ਸ਼ਬਦ ਜਗਿਆਸੂ ਅੰਦਰ ਪ੍ਰਵੇਸ਼ ਕਰਦਾ ਹੈ। ਆਪ ਨੇ ਤੰਤੀ ਸਾਜ਼ਾਂ ਦਿਲਰੁਬਾ, ਤਾਊਸ, ਸਾਰੰਦਾ ਅਤੇ ਰਬਾਬ ਦੀ ਕੀਰਤਨ ਵਿਚ ਵਰਤੋਂ 'ਤੇ ਤਰਜੀਹ ਦਿੱਤੀ। ਦੂਸਰੇ ਬੁਲਾਰੇ ਸ਼ਾਸਤਰੀ ਸੰਗੀਤ ਦੇ ਇੰਦੌਰ ਘਰਾਣੇ ਦੇ ਵਿਸ਼ਵ ਪ੍ਰਸਿੱਧ ਸੰਗੀਤਕਾਰ ਸਿੰਘ ਬੰਧੂ ਸ. ਸੁਰਿੰਦਰ ਸਿੰਘ (ਪਦਮ ਸ਼੍ਰੀ) ਨੇ ਸ਼ਬਦ ਪ੍ਰਧਾਨ ਰਾਗਾਤਮਕ ਕੀਰਤਨ ਦੀ ਮਹੱਤਤਾ ਅਤੇ ਅਜੋਕੇ ਪ੍ਰਚੱਲਿਤ ਕੀਰਤਨ ਬਾਰੇ ਆਪਣੇ ਵਿਚਾਰ ਰੱਖੇ। ਆਪ ਨੇ ਕਿਹਾ ਕਿ ਉੱਤਮ ਕੀਰਤਨੀਏ ਲਈ ਰਾਗ ਵਿੱਦਿਆ ਦੀ ਕਿਸੇ ਯੋਗ ਗੁਰੂ ਕੋਲੋਂ

ਤਾਲੀਮ ਅਤਿ ਜ਼ਰੂਰੀ ਹੈ। ਰਹੱਸਵਾਦ ਦੀ ਗਲ ਕਰਦਿਆਂ ਉਨ੍ਹਾਂ ਸਮਝਾਇਆ ਕਿ ਕੀਰਤਨ ਨੂੰ ਆਤਮ ਰਸ ਬਣਾਉਣ ਲਈ ਆਪਣੇ ਮਨ ਨੂੰ ਸਹੀ ਕਰਨਾ ਹੈ। "ਸੁਣਿਆ ਮੰਨਿਆ ਮਨ ਕੀਤਾ ਭਾਉ" ਵਾਲੀ ਅਵਸਥਾ ਨਾਲ ਬੇਹਤਰੀਨ ਕੀਰਤਨ ਕਰ ਸਕਦੇ ਹਾਂ। ਵੈਬੀਨਾਰ ਦੇ ਅੰਤ ਵਿਚ ਪ੍ਰੋ. ਹਰਬੰਸ ਸਿੰਘ ਸਿੱਖ ਵਿਸ਼ਵ-ਕੋਸ਼ ਵਿਭਾਗ ਦੇ ਮੁਖੀ ਡਾ. ਪਰਮਵੀਰ ਸਿੰਘ ਨੇ ਵੈਬੀਨਾਰ ਵਿਚ ਪ੍ਰਗਟਾਏ ਗਏ ਵਿਚਾਰਾਂ 'ਤੇ ਆਪਣੀ ਦ੍ਰਿਸ਼ਟੀ ਰੱਖਦਿਆਂ ਸਮੂਹ ਵਿਦਵਾਨਾਂ, ਮਹਿਮਾਨਾਂ ਅਤੇ ਸਰੋਤਿਆਂ ਦਾ ਯੂਨੀਵਰਸਿਟੀ ਵਲੋਂ ਧੰਨਵਾਦ ਕੀਤਾ। ਫ਼ੈਕਲਟੀ ਅਤੇ ਖੋਜਾਰਥੀਆਂ ਸਮੇਤ ਵੱਡੀ ਗਿਣਤੀ ਵਿਚ ਦੇਸ਼-ਵਿਦੇਸ਼ ਤੋਂ ਸਰੋਤੇ ਜੁੜੇ ਜਿਨ੍ਹਾਂ ਵਿਚ ਹਰਪਰਤਾਪ ਸਿੰਘ (ਯੂ.ਐੱਸ.ਏ.), ਡਾ. ਕੁਲਵਿੰਦਰ ਦੀਪ ਕੌਰ, ਡਾ. ਜਸਮੀਤ ਕੌਰ, ਡਾ. ਬਲਵਿੰਦਰ ਪਾਲ ਸਿੰਘ, ਸੁਖਮਨਜੀਤ ਕੌਰ, ਡਾ. ਹਰਮਿੰਦਰ ਕੌਰ, ਸ. ਜਸਬੀਰ ਸਿੰਘ ਜਵੱਦੀ ਆਦਿ ਸ਼ਾਮਲ ਹੋਏ।

## 'ਗੁਰੂ ਅਮਰਦਾਸ ਜੀ ਦੇ ਮਾਨਵਵਾਦੀ ਸਿਧਾਂਤਾਂ ਦੀ ਅਜੋਕੀ ਪ੍ਰਸੰਗਿਕਤਾ' ਵਿਸ਼ੇ 'ਤੇ ਆਨਲਾਈਨ ਵਿਖਿਆਨ (ਮਿਤੀ 04.06.21)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਵਲੋਂ ਸਾਂਝੇ ਰੂਪ ਵਿਚ ਗੁਰਮਤਿ ਵਿਖਿਆਨ ਵਿਸ਼ੇਸ਼ ਲੈਕਚਰ ਲੜੀ ਅਧੀਨ 14ਵੇਂ ਆਨਲਾਈਨ ਵਿਖਿਆਨ ਦਾ 'ਗੁਰੂ ਅਮਰਦਾਸ ਜੀ ਦੇ ਮਾਨਵਵਾਦੀ ਸਿਧਾਂਤਾਂ ਦੀ ਅਜੋਕੀ ਪ੍ਰਸੰਗਿਕਤਾ' ਵਿਸ਼ੇ 'ਤੇ ਆਯੋਜਨ ਕੀਤਾ ਗਿਆ। ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਵੱਲੋਂ ਮਹਿਮਾਨਾਂ ਅਤੇ ਸਰੋਤਿਆਂ ਦੇ ਸੁਆਗਤ ਉਪਰੰਤ ਵੈਬੀਨਾਰ ਦੇ ਕੋਆਰਡੀਨੇਟਰ ਡਾ. ਹਰਮਿੰਦਰ ਕੌਰ ਨੇ ਮੁੱਖ ਵਕਤਾ, ਡਿਸਟੈਂਸ ਐਜੂਕੇਸ਼ਨ ਵਿਭਾਗ ਵਿਚ ਧਰਮ ਅਧਿਐਨ ਵਿਸ਼ੇ ਦੇ ਪ੍ਰਾਧਿਆਪਕ ਡਾ. ਰਮਿੰਦਰਜੀਤ ਕੌਰ ਨਾਲ ਜਾਣ-ਪਛਾਣ ਕਰਵਾਈ। ਆਪ ਨੇ ਗੁਰੂ ਅਮਰਦਾਸ ਜੀ ਦੇ ਮਾਨਵਵਾਦੀ ਸਿਧਾਂਤਾਂ ਨੂੰ ਗੁਰਬਾਣੀ ਦੇ ਹਵਾਲਿਆਂ ਨਾਲ ਬਹੁਤ ਸੁਚੱਜੇ ਢੰਗ ਨਾਲ ਅਜੋਕੇ ਸਮੇਂ ਦੀ ਪ੍ਰਸੰਗਿਕਤਾ ਵਿਚ ਦਰਸਾਇਆ। ਗੁਰੂ ਵਾਕ 'ਮਾਟੀ ਏਕ ਸਗਲ ਸੰਸਾਰਾ' ਰਾਹੀਂ ਏਕਤਾ ਵਿਚ ਅਨੇਕਤਾ ਦੀ ਮਹੱਤਤਾ ਨੂੰ ਉਜਾਗਰ ਕੀਤਾ। ਵਿਖਿਆਨ ਵਿੱਚ ਮੁੱਖ ਮਹਿਮਾਨ ਵਜੋਂ ਉੱਘੇ ਸਿੱਖ ਚਿੰਤਕ ਅਤੇ ਸਕੂਲੀ ਵਿੱਦਿਆ ਦੇ ਖੇਤਰ ਵਿਚ ਕਾਰਜਰਤ ਵਾਰਾਣਸੀ ਤੋਂ ਬੀਬੀ ਦਲਜੀਤ ਕੌਰ ਜੀ ਸ਼ਾਮਲ ਹੋਏ। ਆਪ ਨੇ ਗੁਰੂ ਸਾਹਿਬਾਨ ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਜੀ ਦੁਆਰਾ ਕੀਤੀ ਸੇਵਾ ਅਤੇ ਜੀਵਨ ਦੇ ਹੋਰ ਪਹਿਲੂਆਂ ਤੋਂ ਅਜੋਕੇ ਸਮੇਂ ਪ੍ਰੇਰਨਾ ਲੈਂਦੇ ਹੋਏ ਵਿਦਿਆਰਥੀਆਂ ਦਾ ਚਰਿੱਤਰ ਨਿਰਮਾਣ ਕਰਨ 'ਤੇ ਜ਼ੋਰ ਦਿੱਤਾ। ਸਮਾਰੋਹ ਦੇ ਅੰਤ ਵਿਚ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੇ ਇੰਚਾਰਜ ਡਾ. ਪਰਮੀਤ ਕੌਰ ਨੇ ਯੂਨੀਵਰਸਿਟੀ ਵੱਲੋਂ ਵਿਦਵਾਨਾਂ ਅਤੇ ਵਿਖਿਆਨ ਵਿਚ ਭਾਗ ਲੈਣ ਵਾਲਿਆਂ ਦਾ ਧੰਨਵਾਦ ਕੀਤਾ।

## ਪੰਜਾਬ ਦੇ ਸ਼ਾਸਤਰੀ ਸੰਗੀਤਕਾਰਾਂ ਨਾਲ ਵਾਰਤਾਲਾਪ ਲੜੀ ਅਧੀਨ ਉੱਘੀ ਸ਼ਾਸਤਰੀ ਗਾਇਕਾ ਅਤੇ ਰਚਨਾਕਾਰ ਡਾ. ਸ਼ੰਨੋ ਖੁਰਾਣਾ ਨਾਲ ਆਨਲਾਈਨ ਵਾਰਤਾਲਾਪ

(ਮਿਤੀ 06.06.21)

ਗੁਰਮਤਿ ਸੰਗੀਤ ਚੇਅਰ ਵੱਲੋਂ ਸਰਬ ਅਕਾਲ ਮਿਊਜ਼ਿਕ ਸੁਸਾਇਟੀ ਆਫ਼ ਕੈਲਗਰੀ (ਕੈਨੇਡਾ) ਨਾਲ ਮਿਲ ਕੇ ਪੰਜਾਬ ਦੇ ਸ਼ਾਸਤਰੀ ਸੰਗੀਤਕਾਰਾਂ ਨਾਲ ਵਾਰਤਾਲਾਪ ਲੜੀ ਅਧੀਨ ਉੱਘੀ ਸ਼ਾਸਤਰੀ ਗਾਇਕਾ ਅਤੇ ਰਚਨਾਕਾਰ ਡਾ. ਸ਼ੰਨੋ ਖੁਰਾਣਾ, ਪਦਮਭੂਸ਼ਣ ਨਾਲ ਆਨਲਾਈਨ ਸੰਵਾਦ ਰਚਾਇਆ ਗਿਆ। ਸ਼ੁਰੂ ਵਿਚ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਅਤੇ ਸਰਬ ਅਕਾਲ ਮਿਊਜ਼ਿਕ ਸੁਸਾਇਟੀ ਦੇ ਪ੍ਰਧਾਨ ਭਾਈ ਹਰਜੀਤ ਸਿੰਘ ਵੱਲੋਂ ਡਾ. ਸ਼ੰਨੋ ਖੁਰਾਣਾ ਅਤੇ ਹੋਰ ਸਰੋਤਿਆਂ ਦਾ ਸੁਆਗਤ ਕੀਤਾ ਗਿਆ। ਕੋਆਰਡੀਨੇਟਰ ਰਮਨਦੀਪ ਕੌਰ ਨੇ ਕਲਾਕਾਰ ਦਾ ਜੀਵਨ ਬਿਓਰਾ ਪੜ੍ਹਿਆ। ਉਪਰੰਤ ਵਿਖਿਆਤ ਸ਼ਾਸਤਰੀ ਗਾਇਕਾ ਅਤੇ ਸੰਗੀਤ ਵਿਭਾਗ ਵਿਚ ਪ੍ਰੋਫ਼ੈਸਰ ਡਾ. ਨਿਵੇਦਿਤਾ ਸਿੰਘ ਨੇ ਵਾਰਤਾਲਾਪ ਆਰੰਭਿਆ। 94 ਸਾਲ ਦੇ ਡਾ. ਸ਼ੰਨੋ ਖੁਰਾਣਾ ਦਾ ਸੰਗੀਤ ਨੂੰ ਬਹੁਦਿਸ਼ਾਵੀ ਯੋਗਦਾਨ ਹੈ। ਇੱਕ ਪਰਿਪੱਕ ਸ਼ਾਸਤਰੀ ਗਾਇਕਾ, ਆਯੋਜਕ ਹੋਣ ਦੇ ਨਾਲ-ਨਾਲ ਆਪ ਨੇ ਸੰਗੀਤ ਦੇ ਅਕਾਦਮਿਕ

ਖੇਤਰ ਵਿਚ ਵੀ ਨਾਮਣਾ ਖੱਟਿਆ। ਰਾਮਪੁਰ ਸਹਿਸਵਾਨ ਘਰਾਣੇ ਦੇ ਉਸਤਾਦ ਮੁਸ਼ਤਾਕ ਹੁਸੈਨ ਖਾਂ ਅਤੇ ਉੱਘੇ ਸੰਗੀਤ ਚਿੰਤਕ ਠਾਕੁਰ ਜੈਦੇਵ ਸਿੰਘ ਤੋਂ ਸੰਗੀਤ ਦੀ ਸਿਖਿਆ ਗ੍ਰਹਿਣ ਕਰਨ ਉਪਰੰਤ ਆਪ ਨੇ ਇੰਦਿਰਾ ਕਲਾ ਸੰਗੀਤ ਵਿਸ਼ਵਵਿਦਿਆਲਾ, ਖੈਰਾਗੜ੍ਹ ਤੋਂ ਰਾਜਸਥਾਨ ਦਾ ਲੋਕ ਸੰਗੀਤ ਵਿਸ਼ੇ 'ਤੇ ਪੀ-ਐੱਚ.ਡੀ. ਕੀਤੀ। ਇਸਤਰੀ ਕਲਾਕਾਰਾਂ ਨੂੰ ਮੰਚ ਪ੍ਰਦਾਨ ਕਰਨ ਹਿਤ ਗੀਤਿਕਾ ਨਾਮਕ ਸੰਸਥਾ ਦੀ ਸਥਾਪਨਾ ਕਰ ਕੇ ਸਾਲਾਨਾ ਉਤਸਵ ਭੈਰਵ ਸੇ ਸੋਹਨੀ ਆਰੰਭ ਕੀਤਾ ਜਿਸ ਵਿਚ ਕਲਾਕਾਰ ਅਤੇ ਸੰਗਤਕਾਰ ਇਸਤਰੀਆਂ ਹੀ ਹੁੰਦੀਆਂ ਸਨ। ਕਈ ਅਪ੍ਰਚਲਿਤ ਰਾਗਾਂ ਵਿਚ ਬੰਦਿਸ਼ਾਂ ਤਿਆਰ ਕੀਤੀਆਂ। ਮੁਲਤਾਨੀ, ਸਰਾਇਕੀ, ਪਹਾੜੀ ਵਿਚ ਆਪ ਨੇ ਕਈ ਬੰਦਿਸ਼ਾਂ ਦਾ ਗਾਇਨ ਅਤੇ ਰਚਨਾ ਕਰ ਕੇ ਪੰਜਾਬ ਦੀ ਸੰਗੀਤ ਪਰੰਪਰਾ ਨੂੰ ਵਡਮੁੱਲਾ ਯੋਗਦਾਨ ਦਿੱਤਾ। ਵਿਸ਼ੇਸ਼ ਰੂਪ ਵਿਚ ਪੰਜਾਬੀ ਭਾਸ਼ਾਈ ਟੱਪਾ ਸ਼ੈਲੀ ਦਾ ਪ੍ਰਚਾਰ-ਪ੍ਰਸਾਰ ਕੀਤਾ। ਦਿੱਲੀ ਵਿਖੇ ਕਈ ਓਪੇਰਾ ਭਾਵ ਸੰਗੀਤ-ਨਾਟਕ ਸੁਰਬੱਧ ਕੀਤੇ, ਉਹਨਾਂ ਵਿਚ ਗਾਇਨ ਅਤੇ ਅਭਿਨੈ ਕੀਤਾ। ਡਾ. ਸ਼ੰਨੋ ਅਨੁਸਾਰ ਇਹਨਾਂ ਦਾ ਮਕਸਦ ਆਮ ਜਨਤਾ ਵਿਚ ਸ਼ਾਸਤਰੀ ਸੰਗੀਤ ਦਾ ਪ੍ਰਚਾਰ-ਪ੍ਰਸਾਰ ਕਰਨਾ ਸੀ। ਸੰਗੀਤ ਇੱਕ ਕਠਿਨ ਸਾਧਨਾ ਹੈ ਤੇ ਰਸਤਾ ਚੁਣੌਤੀਆਂ ਭਰਿਆ ਹੈ ਪਰ ਜੇ ਇਰਾਦਾ ਪੱਕਾ ਹੋਵੇ ਤਾਂ ਸਫਲਤਾ ਹਾਸਲ ਹੁੰਦੀ ਹੈ। ਵਾਰਤਾਕਾਰ ਡਾ. ਨਿਵੇਦਿਤਾ ਸਿੰਘ ਨੇ ਡਾ. ਸ਼ੰਨੋ ਖੁਰਾਣਾ ਦੇ ਸੰਗੀਤਕ ਸਫ਼ਰ ਨੂੰ ਬੜੀ ਖ਼ੂਬਸੂਰਤੀ ਨਾਲ ਸਮੇਟਿਆ ਅਤੇ ਦਿਲਚਸਪ ਢੰਗ ਨਾਲ ਵਾਰਤਾਲਾਪ ਰਚਾਇਆ ਜਿਸ ਨੂੰ ਵੱਡੀ ਗਿਣਤੀ ਵਿਚ ਸੰਸਾਰ ਦੇ ਵੱਖ-ਵੱਖ ਕੋਨਿਆਂ ਤੋਂ ਜੁੜੇ ਸ੍ਰੋਤਿਆਂ ਵਲੋਂ ਸਰਾਹਿਆ ਗਿਆ। ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਵੱਲੋਂ ਕਲਾਕਾਰ, ਵਾਰਤਾਕਾਰ ਅਤੇ ਸ੍ਰੋਤਿਆਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਗਿਆ ਕਿ ਚੇਅਰ ਗੁਰਮਤਿ ਸੰਗੀਤ ਦੇ ਨਾਲ-ਨਾਲ ਪੰਜਾਬ ਦੀਆਂ ਹੋਰ ਵਿਰਾਸਤੀ ਸੰਗੀਤ-ਸ਼ੈਲੀਆਂ ਲਈ ਵੀ ਕਾਰਜਸ਼ੀਲ ਹੈ ਅਤੇ ਇਹ ਵਾਰਤਾਲਾਪ ਇਸੇ ਉਦੇਸ਼ ਨੂੰ ਪੂਰਾ ਕਰਨ ਵੱਲ ਇਕ ਕਦਮ ਹੈ।

## ਪੁਸਤਕ ਰਾਗਾਂਜਲੀ ਕ੍ਰਿਤ ਗੁਰਬਖ਼ਸ਼ ਸਿੰਘ 'ਤੇ ਵਿਚਾਰ ਗੋਸ਼ਠੀ(ਮਿਤੀ 08.06.21)

ਗੁਰਮਤਿ ਸੰਗੀਤ ਚੇਅਰ ਵੱਲੋਂ ਯੂਨੀਕ ਗੁਰਮਤਿ ਸੰਗੀਤ, ਯੂ.ਐੱਸ.ਏ. ਦੇ ਸਹਿਯੋਗ ਨਾਲ ਗੁਰਬਖ਼ਸ਼ ਸਿੰਘ ਨਿਵਾਸੀ ਯੂ.ਕੇ. ਦੁਆਰਾ ਰਚਿਤ ਸੰਗੀਤਕ ਪੁਸਤਕ 'ਰਾਗਾਂਜਲੀ' 'ਤੇ ਵਿਚਾਰ ਗੋਸ਼ਠੀ ਦਾ ਆਯੋਜਨ ਕੀਤਾ ਗਿਆ। ਸ਼ੁਰੂਆਤ ਵਿਚ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਬੁਲਾਰਿਆਂ ਵਜੋਂ ਸ਼ਿਰਕਤ ਕਰਨ ਵਾਲੀਆਂ ਸ਼ਖ਼ਸੀਅਤਾਂ ਨਾਲ ਜਾਣ-ਪਛਾਣ ਕਰਵਾਈ। ਆਪ ਨੇ ਦੱਸਿਆ ਕਿ ਇਸ ਪੁਸਤਕ ਵਿਚ 148 ਰਾਗਾਂ ਵਿਚ ਲਗਭਗ 300 ਸ਼ਬਦਾਂ ਦੀਆਂ ਰਚਨਾਵਾਂ ਸੁਰਬੱਧ ਕੀਤੀਆਂ ਗਈਆਂ ਹਨ। ਬੁਲਾਰਿਆਂ ਵਿਚ ਡਾ. ਹਰਜਸ ਕੌਰ (ਰੂਪਨਗਰ), ਸ੍ਰੀਮਤੀ ਮੌਸਮੀ ਨੰਦੀ (ਜਬਲਪੁਰ) ਅਤੇ ਐਡਵੋਕੇਟ ਮਲਕੀਅਤ ਸਿੰਘ ਜੰਡਿਆਲਾ (ਚੰਡੀਗੜ੍ਹ) ਸ਼ਾਮਲ ਹੋਏ। ਡਾ. ਹਰਜਸ ਨੇ ਲੇਖਕ ਦੇ ਜੀਵਨ ਬਾਰੇ ਦੱਸਿਆ ਕਿ ਗੁਰਬਖਸ਼ ਸਿੰਘ ਸਾਰਾ ਜੀਵਨ ਗਣਿਤ ਦੇ ਅਧਿਆਪਕ ਪਰ ਸੰਗੀਤ ਨੂੰ ਸਮਰਪਿਤ ਰਹੇ।

ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਰਾਜੇਸ਼ ਸ਼ਰਮਾ ਨੇ ਬੜੇ ਵਿਸਥਾਰ ਨਾਲ ਪੁਸਤਕ ਵਿਚਲੇ ਸ਼ਬਦਾਂ ਦੀਆਂ ਬੰਦਿਸ਼ਾਂ ਬਾਰੇ ਵਿਖਿਆਨ ਦਿੱਤਾ। ਗੋਸ਼ਠੀ ਵਿਚ ਜਬਲਪੁਰ ਤੋਂ ਅੱਠ ਸਾਲ ਦੀ ਬੱਚੀ ਅਮੋਦਿਤਾ ਰੌਏ ਅਤੇ ਡਾ. ਰਾਜੇਸ਼ ਦੇ ਵਿਦਿਆਰਥੀਆਂ ਨੇ ਪੁਸਤਕ ਵਿਚਲੀਆਂ ਸ਼ਬਦ ਰਚਨਾਵਾਂ ਦਾ ਰਸਭਿੰਨਾ ਗਾਇਨ ਕੀਤਾ। ਮੁੱਖ ਮਹਿਮਾਨ ਦੇ ਰੂਪ ਵਿਚ ਪਧਾਰੇ ਵਿਸ਼ਵ ਪ੍ਰਸਿੱਧ ਕੀਰਤਨਕਾਰ ਡਾ. ਗੁਰਨਾਮ ਸਿੰਘ, ਡੀਨ ਫ਼ੈਕਲਟੀ ਆਫ਼ ਆਰਟਸ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਗੋਸ਼ਠੀ ਦੇ ਸਫਲ ਆਯੋਜਨ ਲਈ ਆਯੋਜਕਾਂ ਨੂੰ ਵਧਾਈ ਦਿੱਤੀ ਅਤੇ ਲੇਖਕ ਦੇ ਇਸ ਉਪਰਾਲੇ ਤੋਂ ਸੰਗੀਤ ਦੇ ਸਾਧਕਾਂ ਨੂੰ ਲਾਭ ਉਠਾਉਣ ਲਈ ਕਿਹਾ। ਯੂ.ਕੇ. ਤੋਂ ਉੱਘੇ ਸੰਗੀਤ ਲੇਖਕ ਬਲਬੀਰ ਸਿੰਘ ਕੰਵਲ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਲਗਵਾਈ ਜੋ ਲਿਖਾਰੀ ਗੁਰਬਖ਼ਸ਼ ਸਿੰਘ ਨਾਲ ਸ਼ੁਰੂ ਤੋਂ ਜੁੜੇ ਹਨ। ਉਨ੍ਹਾਂ ਦੱਸਿਆ ਕਿ ਲੇਖਕ ਦੀ ਰਾਗਾਂ ਉਪਰ ਵਿਸ਼ੇਸ਼ ਪਕੜ ਹੈ ਜੋ ਇਸ ਪੁਸਤਕ ਵਿਚੋਂ ਝਲਕਦੀ ਹੈ। ਅੰਤ ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਲੇਖਕ, ਮਹਿਮਾਨਾਂ ਅਤੇ ਹੋਰ ਸਰੋਤਿਆਂ ਦਾ ਧੰਨਵਾਦ ਕਰਦੇ ਹੋਏ ਵਿਖਿਆਤ ਸ਼ਾਸਤਰੀ ਗਾਇਕਾ ਅਤੇ ਸੰਗੀਤ ਵਿਭਾਗ ਵਿਚ ਪ੍ਰੋਫ਼ੈਸਰ ਡਾ. ਨਿਵੇਦਿਤਾ ਸਿੰਘ ਨੇ ਇਸ ਪੁਸਤਕ ਦੀਆਂ ਸ਼ਬਦ ਰਚਨਾਵਾਂ ਰਾਹੀਂ ਪੰਜਾਬ ਤੋਂ ਬਾਹਰ ਵਸਦੇ ਸੰਗੀਤਕਾਰਾਂ ਅਤੇ ਵਿਦਿਆਰਥੀਆਂ ਵਿਚ ਰਾਗਾਂ ਅਤੇ ਗੁਰਬਾਣੀ ਦੇ ਹੋ ਰਹੇ ਪ੍ਰਚਾਰ ਬਾਰੇ ਦੱਸਿਆ। ਆਪ ਨੇ ਕਿਹਾ ਕਿ ਸੰਗੀਤ ਦੀ ਅਜਿਹੀ ਨਾਯਾਬ ਪੁਸਤਕ ਲੇਖਕ ਦੀ ਜੀਵਨ ਭਰ ਦੀ ਕਮਾਈ ਦਾ ਨਤੀਜਾ ਹੈ। ਗੋਸ਼ਠੀ ਵਿਚ ਵੱਡੀ ਗਿਣਤੀ ਵਿਚ ਫ਼ੈਕਲਟੀ ਅਤੇ ਖੋਜਾਰਥੀਆਂ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਜੁੜੇ ਹੋਰ ਸਰੋਤਿਆਂ ਵਿੱਚ ਬਲਬੀਰ ਸਹੋਤਾ (ਯੂ.ਕੇ.), ਪਰਮਜੀਤ ਸਰਕਾਰ (ਜਰਮਨੀ), ਡਾ. ਗੁਰਸ਼ਰਨ ਕੌਰ (ਦਿੱਲੀ), ਡਾ. ਚਰਨਜੀਤ ਕੌਰ, ਡਾ. ਮਨਜੀਤ ਕੌਰ ਆਦਿ ਸ਼ਾਮਲ ਹੋਏ।

# ਰਾਗੁ ਬਿਲਾਵਲੁ

ਸੁਰਲਿਪੀ ਸਰਦਾਰ ਹਰਭਜਨ ਸਿੰਘ ਚੋਪੜਾ

**ਥਾਟ :** ਬਿਲਾਵਲ॥

**ਜਾਤੀ** : ਸੰਪੂਰਣ॥

**ਸਮਾਂ :** ਦਿਨ ਦਾ ਦੂਸਰਾ ਪਹਿਰ ॥

**ਵਾਦੀ ਸਵਰ** : ਧ ॥ **ਸੰਵਾਦੀ ਸਵਰ** : ਗ ॥

**ਆਰੋਹ :** ਸ ਰ ਗ ਮ ਪ, ਧ ਨ ਸੰ ॥

**ਅਵਰੋਹ :** ਸੰ ਨੁ ਧ, ਪ, ਮ ਗ,ਰ ਸ ॥

**ਮੁੱਖ ਅੰਗ :** ਗ ਰ, ਗ ਮ ਧ ਪ, ਮ ਗ, ਮ ਰ ਸ ॥

# ਰਾਗੁ ਬਿਲਾਵਲੁ (ਝੱਪ ਤਾਲ)

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | | **ਅਸਥਾਈ** | | | | |
| **ਸੰ** | **–** | **ਧ** | **ਨੁ** | **ਪ** | **ਮ** | **ਪ** | **ਗ** | **–** | **ਗ** |
| ਮੂ | .. | ਲਾ | .. | .. | ਲ | ਨ | ਸਿ | .. | ਉ |
| **ਗ** | **ਰ** | **ਗ** | **–** | **ਮ** | **ਗ** | **ਰ** | **ਸ** | **–** | **–** |
| ਪ੍ਰੀ | .. | ਤਿ | .. | ਬ | ਨੀ | .. | .. | .. | .. |
| **ਗ** | **ਰ** | **ਗ** | **–** | **ਮ** | **ਗ** | **ਰ** | **ਸ** | **–** | **–** |
| ਤੋ | .. | ਰੀ | .. | ਨ | ਤੂ | .. | ਟੈ | .. | .. |
| **ਗ** | **ਰ** | **ਗ** | **–** | **ਮ** | **ਗ** | **ਰ** | **ਸ** | **–** | **–** |
| ਛੋ | .. | ਰੀ | .. | ਨ | ਛੂ | .. | ਟੈ | .. | .. |
| **ਸ** | **–** | **ਮ** | **ਗ** | **ਮ** | **ਪ** | **–** | **ਨ** | **ਧ** | **ਨ** |
| ਐ | .. | ਸੀ | .. | .. | ਮਾ | .. | ਧੋ | .. | .. |
| **ਸੰ** | **–** | **ਸੰ** | **–** | **ਰੰ** | **ਸੰ** | **ਨੁ** | **ਧ** | **ਪ** | **ਧ** |
| ਖਿੰ | .. | ਚ | .. | ਤ | ਨੀ | .. | .. | .. | .. |

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |

**ਅੰਤਰਾ**

| | | | | | | | | | |
|---|---|---|---|---|---|---|---|---|---|
| **ਪ** | **ਪ** | **ਨ** | **ਧ** | **ਨ** | **ਸੰ** | **ਸੰ** | **ਸੰ** | **–** | **ਸੰ** |
| ਦਿ | ਨ | ਸੁ | .. | .. | ਰੈ | ਨਿ | ਮ | .. | ਨ |
| **ਸੰ** | **ਰੰ** | **ਗੰ** | **–** | **ਮੰ** | **ਗੰ** | **ਰੰ** | **ਸੰ** | **–** | **–** |
| ਮਾ | .. | ਹਿ | .. | ਬ | ਸ | ਤੁ | ਹੈ | .. | .. |
| **ਮ** | **–** | **ਮ** | **–** | **ਗ** | **ਪ** | **ਪ** | **ਨ** | **ਧ** | **ਨ** |
| ਤੂ | .. | ਕ | .. | ਰਿ | ਕਿ | ਰ | ਪਾ | .. | .. |
| **ਸੰ** | **ਸੰ** | **ਸੰ** | **–** | **ਰੰ** | **ਸੰ** | **ਨੁ** | **ਧ** | **ਪ** | **ਧ** |
| ਪ੍ਰ | ਭ | ਅ | .. | ਪ | ਨੀ | .. | .. | .. | .. |
| **ਸ** | **ਸ** | **ਸ** | **–** | **ਰ** | **ਗ** | **ਰ** | **ਸ** | **–** | **–** |
| ਬ | ਲਿ | ਬ | .. | ਲਿ | ਜਾ | .. | ਉ | .. | .. |
| **ਸ** | **–** | **ਗ** | **–** | **ਰ** | **ਗ** | **ਪ** | **ਗ** | **–** | **ਮ** |
| ਸਿਆ | .. | ਮ | .. | ਸੁੰ | ਦ | ਰ | ਕਉ | .. | .. |
| **ਪ** | **ਪ** | **ਪ** | **–** | **ਧ** | **ਮ** | **ਪ** | **ਗ** | **–** | **ਮ** |
| ਅ | ਕ | ਥ | .. | ਕ | ਥਾ | .. | ਜਾ | .. | ਕੀ |
| **ਗ** | **ਰ** | **ਗ** | **–** | **ਮ** | **ਗ** | **ਰ** | **ਸ** | **–** | **–** |
| ਬਾ | .. | ਤ | .. | ਸੁ | ਨੀ | .. | .. | .. | .. |
| **ਪ** | **ਪ** | **ਨ** | **ਧ** | **ਨ** | **ਸੰ** | **ਸੰ** | **ਸੰ** | **–** | **ਸੰ** |
| ਜ | ਨ | ਨਾ | ਨ | ਕ | ਦਾ | .. | ਸ | .. | ਨਿ |
| **ਸੰ** | **ਰੰ** | **ਗੰ** | **–** | **ਮੰ** | **ਗੰ** | **ਰੰ** | **ਸੰ** | **–** | **–** |
| ਦਾ | .. | ਸ | .. | ਕਹੀ | ਅ | ਤ | ਹੈ | .. | .. |
| **ਮ** | **ਮ** | **ਮ** | **–** | **ਗ** | **ਪ** | **ਪ** | **ਨ** | **ਧ** | **ਨ** |
| ਮੋ | ਹਿ | ਕ | .. | ਰਹੁ | ਕ੍ਰਿ | ਪਾ | ਠਾ | .. | .. |
| **ਸੰ** | **ਸੰ** | **ਸੰ** | **–** | **ਰੰ** | **ਸੰ** | **ਨੁ** | **ਧ** | **ਪ** | **ਧ** |
| ਕੁ | ਰ | ਅ | .. | ਪ | ਨੀ | .. | .. | .. | .. |

# ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

**ਬਿਲਾਵਲੁ ਮਹਲਾ ੫ ॥**

bilaaval mehalaa 5 ||

Bilaaval, Fifth Mehl:

**ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਉ ॥**

moo laalan sio preeth banee || rehaao ||

I have fallen in love with my Beloved Lord. ||Pause||

**ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥੧॥**

thoree n thoottai shhoree n shhoottai aisee maadhho khi(n)ch thanee ||1||

Cutting it, it does not break, and releasing it, it does not let go. Such is the string the Lord has tied me with. ||1||

**ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ ॥੨॥**

dhinas rain man maahi basath hai thoo kar kirapaa prabh apanee ||2||

Day and night, He dwells within my mind; please bless me with Your Mercy, O my God. ||2||

**ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ ॥੩॥**

bal bal jaao siaam su(n)dhar ko akathh kathhaa jaa kee baath sunee ||3||

I am a sacrifice, a sacrifice to my beauteous Lord; I have heard his Unspoken Speech and Story. ||3||

**ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ॥੪॥੨੮॥੧੧੪॥**

jan naanak dhaasan dhaas keheeath hai mohi karahu kirapaa t(h)aakur apunee ||4||28||114||

Servant Nanak is said to be the slave of His slaves; O my Lord and Master, please bless me with Your Mercy. ||4||28||114||

(ਬਾਣੀ ਗੁਰੂ ਅਰਜਨ ਦੇਵ ਜੀ (ਅੰਗ 827, ਰਾਗੁ ਬਿਲਾਵਲੁ)

RNI Regd. No. 46788/89 ISSN 0972-2335

